Astitva Prakashan
The Legacy of Literature

**Published by**
**Astitva Prakashan**
Nehru Nagar, Bilaspur, Chhattisgarh - 495001
Copyright © 2022
Website: www.astitvaprakashan.com
Email: publish@ astitvaprakashan.com
Facebook:
https://www.facebook.com/astitvaprakashanofficial
All Rights Reserved.
**Price:**

All rights reserved. No part of this book may be reproduced in any form on by an electronic or mechanical means, including information storage and retrieval systems, without permission in writing from the author, except by a reviewer who may quote brief passages in a review.

**ISBN:**

# ਵਿਹਲੀ ਮਾਂ

## ਕਾਵਿ-ਸੰਗ੍ਰਹਿ

ਗੁਰਪ੍ਰੀਤ ਸਿੰਘ ਹਬੀਬ

## Content

* ਪੰਜਾਬੀ ਸਾਹਿਤ ਦਾ ਕੰਵਲ ਫ਼ੁੱਲ-ਗੁਰਪ੍ਰੀਤ ਸਿੰਘ ਹਬੀਬ....... 1
ਸਮਰਪਣ........ 8
ਦੋ ਸ਼ਬਦ........ 9
ਮੈਂ ਸ਼ਾਇਰ ਨਹੀਂ........ 11
ਮੰਜ਼ਿਲ ਦੀ ਤਾਂਘ........ 13
ਮੈਨੂੰ ਕੋਈ ਫ਼ਰਕ ਨਹੀਂ ਪੈਂਦਾ........ 16
ਅਣਜਾਣੇ ਰਾਹ........ 19
ਧਰਤ ਦਾ ਜਾਇਆ........ 22
ਤੇਰਾ ਮਕਸਦ........ 24
ਮੇਰੀਆਂ ਰਾਹਾਂ........ 25
ਸੁਪਨਿਆਂ ਦੇ ਬੀਜ਼........ 29
ਕਫ਼ਨ........ 31
ਨਿੱਕੀ ਉਮਰ ਤੇ ਵੱਡੇ ਭਾਰ........ 33
ਨਾਪਾਕ ਰਿਸ਼ਤੇ........ 36
ਪਹਾੜ ਜਿੱਡੀ ਕੁੜੀ........ 39
ਰੂਹ ਦਾ ਤਰਲਾ........ 43
ਜ਼ਮੀਰ ਦਾ ਸਵਾਲ........ 44
ਕਿਥੇ ਨੇ ਉਹ ਲੋਕ ?........ 44
ਸੱਚੇ ਰਾਹ........ 46

ਅਰਜ਼ੋਈ ........................................................................ 51
ਮੇਰਾ ਭਾਰਤ ਮਹਾਨ ........................................................................ 53
ਕਿੱਥੇ ਜਾਕੇ ਬੈਠਾ ਮੌਲਾ ? ........................................................................ 56
ਰੱਬ ਨੂੰ ਗਾਲ ........................................................................ 60
ਧਰਮ ਦੀ ਰਾਖੀ ........................................................................ 64
ਕਰੋਨਾ ਕਦੋਂ ਮਗਰੋਂ ਲਊ ........................................................................ 67
ਸੁਪਨਿਆਂ ਦੇ ਬੀਜ਼ ........................................................................ 69
ਵਿਹਲੀ ਮਾਂ ........................................................................ 71
ਬਾਪੂ ........................................................................ 75
ਬੇਵੱਸੀ ........................................................................ 78
ਚਾਅ ........................................................................ 81
ਕਬਿੱਤ ........................................................................ 83
ਵੋਟ ........................................................................ 85
ਮੌਤ ........................................................................ 89
ਬੋਲੀਆਂ ........................................................................ 92
ਰਾਜਨੀਤਿਕ ਬੋਲੀਆਂ ........................................................................ 94
ਖਿਆਲੀ ਮੀਂਹ ........................................................................ 96
ਇੱਜ਼ਤ ਅਹਿਤਰਾਮ ........................................................................ 98
ਬਦਕਿਸਮਤ ਕਿਤਾਬ ........................................................................ 100
ਇਸ਼ਕੇ ਦੀ ਗੁਲਜ਼ਾਰ ........................................................................ 103
ਰੱਬ ਨੂੰ ਭੁਲੇਖੇ ........................................................................ 105

# * ਪੰਜਾਬੀ ਸਾਹਿਤ ਦਾ ਕੰਵਲ ਫ਼ੁੱਲ-ਗੁਰਪ੍ਰੀਤ ਸਿੰਘ ਹਬੀਬ

ਗੁਰਪ੍ਰੀਤ ਸਿੰਘ ਹਬੀਬ ਅਜੋਕੇ ਦੌਰ 'ਚ ਪੰਜਾਬੀ ਸਾਹਿਤ ਦਾ ਸਰਵੋਤਮ,ਸਮਰੱਥ,ਪ੍ਰੌੜ,ਸਹਿਜ 'ਤੇ ਸਰਲ ਕਵੀ ਹੈ। ਉਸਦੀ ਨਿੱਡਰ,ਨਿੱਗਰ,ਨਿਰਪੱਖ,ਨਿੱਧੜਕ ਕਲਮ 'ਚ ਯੁੱਗ ਪਲਟਾਊ ਸ਼ਕਤੀ ਨਾਲ਼ ਪਾਠਕ ਦੀ ਸੋਝੀ ਦਾ ਲਹੂ ਉਬਾਲੇ ਮਾਰ ਉੱਠਦਾ ਹੈ। ਉਸਦੀ ਅਤਿਅੰਤ ਜਾਦੂਈ ਕਾਵਿ ਕਲਾ ਪਾਠਕ ਨੂੰ ਤਕੜਾ ਨਾਗਵਲ਼ ਪਾ ਕੀਲ ਕੇ ਹੀ ਰੱਖ ਦਿੰਦੀ ਹੈ। ਉਸ ਵਿੱਚ ਥੋੜ੍ਹੇ ਸ਼ਬਦਾਂ 'ਚ ਵੱਡੀ ਤੇ ਸਾਰਥਿਕ ਗੱਲ ਕਹਿਣ ਦਾ ਬਾਕਮਾਲ ਹੁਨਰ ਹੈ ਜੋ ਉਸਨੂੰ ਬਹੁਤੇ ਕਵੀਆਂ ਨਾਲ਼ੋਂ ਨਿਖੇੜਦਾ ਹੈ। ਕਵੀਆਂ ਦੀ ਭੀੜ ਚੋਂ ਉਹ ਦੂਰੋਂ ਖੜ੍ਹਾ ਦਿਸਦਾ ਹੈ। ਉਸਦੀ ਸ਼ਾਇਰੀ ਦੀ ਵਿਲੱਖਣਤਾ ਹੀ ਹੈ ਕਿ ਉਹ ਸੱਚ ਪੂਰਾ ਠੋਕ ਵਜਾ ਕੇ ਲਿਖਦਾ ਤੇ ਜਿਉਂਦਾ ਹੈ,ਉਹ ਅਜਿਹਾ ਕਵੀ ਹੈ ਜੋ ਕਵਿਤਾ ਵਾਂਗ ਅੰਦਰੋਂ-ਬਾਹਰੋਂ ਇੱਕ ਹੈ ਤੇ ਸਿਖ਼ਰ ਦਾ ਹੀਰੇ-ਰਤਨਾਂ ਵਰਗਾ ਕੋਮਲਭਵੀ ਸੁਹਿਰਦ ਮਨੁੱਖ ਹੈ। ਉਸਦੀ ਕਲਮ ਨਾ ਕਦੇ ਵਿਕਦੀ ਹੈ ਨਾ ਝੁਕਦੀ ਤੇ ਨਾਹੀਂ ਰੁਕਦੀ ਤੇ ਲੁਕਦੀ ਹੈ।ਉਹ ਤਾਂ ਕੋਠੇ ਚੜ੍ਹਕੇ ਸੱਚ ਦੀ ਚੋਖੀ ਬੀਨ ਵਜਾਉਣ ਵਾਲ਼ਾ ਪੰਜਾਬੀ ਦਾ ਖ਼ਰਾ ਤੇ ਦਰਵੇਸ਼ ਸ਼ਾਇਰ ਹੈ,ਜੋ ਇਨਾਮਾਂ-ਸਨਮਾਨਾਂ ਦੀ ਚੂਹੇ ਦੌੜ ਤੋਂ ਪਰੇ ਰਹਿ ਕੇ ਸੱਚ 'ਤੇ ਸਿਦਕਦਿਲੀ ਨਾਲ਼ ਪਹਿਰਾ ਦਿੰਦਾ ਨਜ਼ਰ ਆਉਂਦਾ ਹੈ 'ਤੇ ਕੋਲਿਆਂ ਦੀ ਖਾਣ 'ਚ

ਸ਼ੁੱਧ ਸੋਨਾ ਮਨੁੱਖ ਹੈ ਜਿਸਦੀ ਇੱਕ ਆਪਣੀ ਹੀ ਅਲੱਗ ਕੋਹਿਨੂਰ ਆਭਾ ਹੈ।ਉਹ ਸੁਨਹਿਰੀ ਆਭਾ ਜੋ ਸਦੀਆਂ ਤੱਕ ਜ਼ਿੰਦਾ ਰਹਿੰਦੀ ਹੈ।ਗਜ਼ਬ ਦੀ ਕਵਿਤਾ ਰਚਣਾ ਉਸਦਾ ਮੌਲਿਕ ਮੀਰੀ ਗੁਣ ਤੇ ਨਿਰਮਲ ਸੁਭਾਅ ਹੈ। ਇਸ ਖੇਤਰ ਚੋਂ ਉਸਦਾ ਸਾਲਾਂ ਦਾ ਮੌਨ ਰਿਆਜ਼ ਤੇ ਤਜ਼ਰਬਾ ਕਵਿਤਾ ਰਾਹੀਂ, ਪਾਠਕ ਦੇ ਸਿਰ ਚੜ੍ਹ ਕੇ ਬੋਲਦਾ ਹੈ। ਗੁਰਪ੍ਰੀਤ ਕਵਿਤਾ ਦੇ ਵਿਚਾਰਕ ਤੇ ਵਿਹਾਰਕ ਪੱਖ ਤੋਂ ਪੂਰਾ-ਪੂਰਾ ਸੁਚੇਤ ਹੈ ਤੇ ਉਸਨੂੰ ਕਿਸੇ ਦੌਰ ਦੇ ਕਿਸੇ ਕਵੀ ਨਾਲ਼ ਮੇਲ ਕੇ ਨਹੀਂ ਦੇਖਿਆ ਜਾ ਸਕਦਾ, ਕਿਉਂਕਿ ਉਸ ਵਰਗਾ ਸਿਰਫ਼ ਓਹੀ ਹੈ ਤੇ ਉਸਦੀ ਸ਼ੈਲੀ ਦੀ ਆਪਣੀ ਨੂਰੀ ਸ਼ਕਤੀ ਹੈ।ਉਸਦੀ ਸ਼ਾਇਰੀ ਦੀ ਵਿਲੱਖਣਤਾ ਹੈ ਕਿ ਉਹ ਯਥਾਰਥੀ ਕਵਿਤਾ ਸੋਚਦਾ-ਰਚਦਾ ਹੈ ਤੇ ਮੌਲਿਕਤਾ, ਸੱਚ ਅਤੇ ਸੁਹਜ ਨੂੰ ਕਲਮ/ਕਵਿਤਾ ਤੋਂ ਦੂਰ ਨਹੀਂ ਹੋਣ ਦਿੰਦਾ ਹਬੀਬ ਦੀ ਕਵਿਤਾ ਦਰਜਨਾਂ ਵਿਕਾਊ ਮਾਨ-ਸਨਮਾਨਾਂ ਤੋਂ ਕਿਤੇ ਉੱਤੇ ਹੈ।ਖ਼ੌਰੇ ਉਹ ਹੁਣ ਤੱਕ ਕਿਉਂ ਤੇ ਕਿਵੇਂ ਲੁਕਿਆ ਰਿਹਾ।ਵੈਸੇ ਵੀ ਉਹ ਸਰਵੋਤਮ ਪੁਰਸਕਾਰ ਵਰਗਾ ਸੋਹਣਾ ਸੁਨੱਖਾ ਅਨੁਭਵੀ ਮਨੁੱਖ ਹੈ। ਆਉਣ ਵਾਲੇ ਸਮੇਂ ਚ ਉਹ ਆਪਣੀ ਸ਼ਕਤੀ ਨਾਲ਼ ਇੰਨਾ ਕੁ ਉਭਰ ਕੇ ਸਾਹਮਣੇ ਆ ਜਾਵੇਗਾ ਕਿ ਉਸਨੂੰ ਅਣਗੌਲਿਆ ਕਰਨਾ ਸ਼ਾਇਦ ਔਖਾ ਹੋ ਜਾਵੇ। ਉਸਦੀ ਕਵਿਤਾ ਤੋਂ ਜ਼ਾਹਿਰ ਹੁੰਦਾ ਹੈ ਕਿ ਉਸਦੀ ਜ਼ਮੀਰ ਜਿਉਂਦੀ ਹੈ ਤੇ ਉਹ ਇਸਨੂੰ ਹੋਰ ਵੀ ਸ਼ਕਤੀਸ਼ਾਲੀ ਰੂਪ ਚ ਸਾਹਮਣੇ ਪੇਸ਼ ਹੋਵੇਗੀ।ਜ਼ਮੀਰ ਮਾਰ ਕੇ ਕਵਿਤਾ ਸਿਰਜਨਾ ਉਹ ਸੁਪਨੇ ਚ ਵੀ ਨਹੀਂ ਚਿਤਵ ਸਕਦਾ। ਕਿਉਂਕਿ ਉਹ ਹੁਸ਼ਨ ਦਾ ਪੁਜਾਰੀ ਹੈ, ਇਹ

ਭਾਵੇਂ ਜ਼ਿੰਦਗੀ ਦੇ ਕਿਸੇ ਖੇਤਰ ਦਾ ਕਿਉਂ ਨਾ ਹੋਵੇ। ਉਹ 'ਗੁਰਪ੍ਰੀਤ ਸਿੰਘ ਹਬੀਬ' ਹੈ, ਕੋਈ ਐਰਾ-ਗੈਰਾ ਵਿਕਾਊ ਸ਼ਾਇਰ ਨਹੀਂ। ਇਹ ਉਸਦੀ ਨਿੱਖਰਵੀਂ ਪਹਿਚਾਣ ਵੀ ਹੈ ਜੋ ਉਸਨੂੰ ਭੀੜ ਤੋਂ ਅਲੱਗ ਕਰਦੀ ਹੈ। ਉਹ ਸਿਖ਼ਰ ਦੁਪਹਿਰੇ ਦਾ ਅਨੋਖਾ ਰਾਹੀ ਹੈ ਜਿਸਨੇ ਸੈਂਕੜੇ ਮੱਲਾਂ ਮਾਰਨੀਆਂ ਹਨ। ਉਸਦੀ ਕਵਿਤਾ ਹੁਸ਼ਨ ਇਸ਼ਕ ਦੀ ਭੜਕਾਊ ਕਵਿਤਾ ਨਹੀਂ ਸਗੋਂ ਦਿਲ ਦੇ ਕੋਨੇ ਚ ਆਪਣੀ ਜਗ੍ਹਾ ਬਹੁਤ ਸ਼ਾਂਤੀ ਨਾਲ਼ ਬਣਾਉਂਦੀ ਹੈ। ਹਬੀਬ ਦੀ ਕਵਿਤਾ ਸਾਡੇ ਸਮਿਆਂ ਦੀ ਹਿੱਕ 'ਤੇ ਆਪਣੀਆਂ ਅਮੁੱਕ ਤੇ ਅਮਿੱਟ ਪੈੜਾਂ ਸਿਰਜਦੀ ਹੈ। ਜ਼ਬਰਦਸਤ ਸੂਝ ਦਾ ਮਾਲਿਕ ਹੋਣ ਕਾਰਨ ਉਸਤੋਂ ਚਿੱਥੀ-ਚਿਗਲੀ ਤੇ ਬੋਅ ਮਾਰਦੀ ਕਵਿਤਾ ਲਿਖ ਨਹੀਂ ਹੁੰਦੀ। ਉਹ ਤਾਂ ਹਰ ਸਮੇਂ ਕੰਡੇ ਚੁਗਦਾ ਤੇ ਮਹਿਕਾਂ ਖਿਲਾਰਦਾ ਹੈ। ਸਹਿਜ ਤੇ ਸੁਹਜ ਉਸਦਾ ਸਦੀਵੀ ਸਾਥੀ ਹੈ ਜੋ ਸਦਾ ਉਸਦੇ ਨਾਲ਼ ਤੁਰਦਾ ਹੈ। ਉਸਦੀ ਕਲਮ ਚ ਅਦੁੱਤੀ ਸਮਝ-ਸੂਝ/ਸ਼ਕਤੀ ਹੈ ਜੋ ਉਸਦੀ ਕਲਮੀ ਲਗਨ ਨੂੰ ਮੱਠਾ ਨਹੀਂ ਪੈਣ ਦਿੰਦੀ। ਉਹ ਆਪ ਵੀ ਕਵਿਤਾ ਵਰਗਾ ਸੋਹਣਾ ਮਨੁੱਖ ਹੈ। ਜਿਸਦੇ ਆਪਣੇ ਬਹੁ ਪੱਖੀ ਪਸਾਰ ਤੇ ਵਰਤਾਰੇ ਹਨ!ਸੰਸਾਰ ਤੇ ਵਾਪਰਦੀਆਂ ਅਮਾਨਵੀ ਘਟਨਾਵਾਂ ਉਸਨੂੰ ਬੇਚੈਨ ਕਰਦੀਆਂ ਹਨ ਤੇ ਕਲਮ ਦੀ ਲੜਾਈ ਲੜਨ ਲਈ ਪ੍ਰੇਰਿਤ ਕਰਦੀਆਂ ਹਨ! ਹਬੀਬ ਦੀ ਤਾਸੀਰ ਤੇ ਤਾਮੀਰ 'ਚ ਧੁਰੋਂ ਹੀ ਆਦਿ-ਜੁਗਾਦੀ ਰੂਹਾਨੀ/ਸਮਾਜਿਕ ਮਹਿਕ ਸਮਾਈ ਹੋਈ ਹੈ ਜੋ ਉਸਨੂੰ ਨਾ ਸੌਣ ਦਿੰਦੀ ਹੈ ਨਾ ਗਾਉਣ ਦਿੰਦੀ ਹੈ। ਉਸਦੇ ਦਿਲ ਦੇ ਵਿਸ਼ਾਲ ਬਾਗ਼ ਵਿੱਚ ਰੂਹਾਨੀ ਤੇ ਸਮਾਜਿਕ/ਸੱਭਿਆਚਾਰਕ

ਮਹਿਕ ਹੀ ਉਗਮਦੀ-ਵਿਗਸਦੀ ਤੇ ਉਸਦੀ ਕਾਵਿ ਕਲਾ ਰਾਹੀਂ ਸਾਹ ਭਰਕੇ, ਸਮੁੱਚੀ ਲੋਕਾਈ ਦੀਆਂ ਰੂਹਾਂ ਸਰਸ਼ਾਰ ਕਰਨ ਲਈ ਅਰੁਕ ਤੇ ਅਮੁੱਕ ਵੇਗ ਚ ਉਮੜ ਪੈਂਦੀ ਹੈ ਜਿਸਦੇ ਜੋਸ਼-ਜਜ਼ਬੇ, ਕਲਾ-ਕੁਰਬਾਨੀ ਨੂੰ ਨੱਕਾ ਨਹੀਂ ਲਗਾਇਆ ਜਾ ਸਕਦਾ,ਕਿਉਂਕਿ ਉਸਦੀ ਅਥਾਹ ਸ਼ਕਤੀ ਸਮੁੰਦਰ ਦੀ ਨਿਆਈਂ ਹੈ, ਜੋ ਰਤਨ ਜਵਾਹਰਾਂ ਨਾਲ਼ ਲੱਦੀ ਹੋਈ ਹੈ, ਇਸ ਲਈ ਹਰ ਤਲ ਉੱਤੇ ਵੱਖੋ-ਵੱਖਰੇ ਤੇ ਅਦਭੁੱਤ ਅਨੋਖੇ ਵਰਤਾਰੇ ਹਨ,ਜਿੰਨ੍ਹਾਂ ਦਾ ਸਮਕਾਲੀ ਮੁੱਲਾਂ ਲਈ ਆਪਣਾ ਹੀ ਨਿੱਗਰ-ਨਰੋਆ, ਹੁਸ਼ਨ-ਇਸ਼ਕ ਵੇਗ ਰੱਤਾ ਪਰਿਪੂਰਨ ਮਹੱਤਵ ਹੈ। ਉਹ ਮਹੱਤਵ ਜਿਸ ਤੇ ਵਡੇਰਾ ਤੇ ਸਦੀਵੀ ਮਾਣ ਮਹਿਸੂਸ ਹੁੰਦਾ ਹੈ। ਨਿੱਕੀ ਉਮਰ ਹੋਣ ਦੇ ਬਾਵਜੂਦ ਉਸਦੇ ਅੰਦਰ ਸਮਾਜ, ਸਾਹਿਤ, ਧਰਮ ਆਦਿ ਲਈ ਵਡੇਰੇ ਦਰਦ ਹਨ, ਕਾਰਜ ਹਨ, ਕਰਮ ਹਨ ਤੇ ਇੰਨਾਂ ਸਭ ਲਈ ਆਪਣੀ ਜੋਬਨ ਲੱਦੀ ਸੰਜੀਦਾ ਜਿੰਮੇਦਾਰੀ ਵੀ ਹੈ, ਜਿਸ ਲਈ ਉਸਦੀ ਕਲਮ ਦੀ ਨੋਕ ਤੋਂ ਅਤੇ ਚਿੰਤਨ-ਚੇਤਨਾ ਦੀ ਨਰੋਈ ਕੁੱਖ 'ਚੋਂ ਸੋਹਣੀ ਤੇ ਉਪਕਾਰੀ ਰਚਨਾ ਜਨਮ ਗ੍ਰਹਿਣ ਕਰਕੇ ਮਨੁੱਖਤਾ ਨੂੰ ਪਿਆਰ ਭੇਂਟਦੀ ਹੈ। ਪੰਜਾਬੀ ਸਾਹਿਤ ਚ ਉਸਦਾ ਵਡੇਰਾ ਹਾਸਿਲ ਇਹੋ ਹੈ ਕਿ ਉਸਨੇ ਥੋੜੇ ਸਮੇਂ ਅੰਦਰ ਆਪਣਾ ਇੱਕ ਅਲੱਗ ਨਾਮ ਪੈਦਾ ਕਰ ਲਿਆ ਹੈ। ਇਹ ਅਜੇ ਉਸਦੀ ਸ਼ੁਰੂਆਤ ਹੈ,ਅੱਗੇ ਬਹੁਤ ਸਾਰੇ ਮਾਣ-ਮਰਾਤਬੇ, ਸਿਰਜਨਾਵਾਂ ਉਸਦੀ ਬੇਸਬਰੀ ਨਾਲ਼ ਉਡੀਕ ਕਰਦੇ ਨਜ਼ਰ ਆ ਰਹੇ ਹਨ। ਜਿਸ ਤਰ੍ਹਾਂ ਦੀ ਉਸਦੀ ਕਲਮ ਚ ਸ਼ਕਤੀ, ਰਵਾਨਗੀ, ਸੁਹਜਤਾ, ਪ੍ਰੋੜਤਾ,ਸਰਲਤਾ ਹੈ, ਉਸਨੇ ਵੱਡੇ ਮੁਕਾਮ ਸਹਿਜੇ ਹੀ

ਸਰ ਕਰ ਲੈਣੇ ਹਨ ਕਿਉਂਕਿ ਉਸ ਕੋਲ਼ ਆਪਣੀ ਜ਼ਰਖੇਜ਼ ਉਪਜਾਊ ਧਰਾਤਲ ਹੈ। ਹਥਲੇ ਕਾਵਿ ਸੰਗ੍ਰਹਿ ' ਵਿਹਲੀ ਮਾਂ' ਦੀਆਂ ਰਚਨਾਵਾਂ ਤੋਂ ਉਸਦੇ ਨਿੱਗਰ ਤੇ ਬੇਜੋੜ ਇਰਾਦਿਆਂ ਦੀ ਪਛਾਣ ਕਰਨੀ ਮੁਸ਼ਕਿਲ ਨਹੀਂ, ਸਗੋਂ ਇਸਨੇ ਇਸ ਕਾਰਜ ਨੂੰ ਸਤਿਗੁਰ ਜੀ ਦੀ ਨਦਰਿ ਮਿਹਰ, ਪਿਆਰ ਨਾਲ਼ ਆਪਣੇ ਨਿਰੰਤਰ ਰਿਆਜ਼ ਨਾਲ਼ ਬਾਖ਼ੂਬ ਚਿਤਰਿਆ ਹੈ, ਜੋ ਯਾਦਗਰੀ ਤੇ ਚਿਰਸਥਾਈ ਹੈ। ਉਸਨੇ ਇਸ ਜਟਿਲ ਕਾਰਜ ਨੂੰ ਜਿਸ ਖ਼ੂਬਸੂਰਤੀ ਤੇ ਸਿੱਦਤ ਨਾਲ਼ ਸ਼ਰਧਾ-ਪਿਆਰ ਪੂਰਬਕ ਨਿਭਾਇਆ ਹੈ, ਉਹ ਆਪਣੇ ਆਪ ਚ ਵਡੇਰੀ ਪ੍ਰਾਪਤੀ ਵੀ। ਇਸ ਪਿੱਛੇ ਜਿੱਥੇ ਉਸਦੇ ਪਰਿਵਾਰਕ ਸੰਸਕਾਰ, ਸ਼ਰਧਾ-ਸਨੇਹ ਕਾਰਜਿਤ ਹੈ। ਗੁਰਪ੍ਰੀਤ ਗਹਿਰੇ ਸੰਘਰਸ਼ ਦੀ ਉਪਜ ਹੈ। ਉਸਨੇ ਜ਼ਿੰਦਗੀ ਚ ਬਹੁਤ ਤਰ੍ਹਾਂ ਦੇ ਔਖੇ ਤੋਂ ਔਖੇ ਸਮੇ ਦੇਖੇ ਹਨ। ਪਰ ਹਰ ਔਖ ਨੇ ਉਸਦੇ ਕਰਮ ਤੇ ਕਲਮ ਨੂੰ ਰੂਪ ਬਖਸਿਆ ਹੈ। ਮੈਂ ਇਸ ਸੰਗ੍ਰਹਿ ਦੀਆਂ ਸਭ ਕਵਿਤਾਵਾਂ ਪੜ੍ਹੀਆਂ ਹਨ, ਓਹ ਇੰਨੀਆਂ ਸੁੰਦਰ ਹਨ ਕਿ ਪਾਠਕ ਨੂੰ ਵੀ ਇਸਦੀ ਮਹਿਕ ਨਾਲ਼ ਪਵਿੱਤਰ ਇਸ਼ਨਾਨ ਕਰਵਾਉਂਦੀਆਂ ਹਨ।ਮਨੁੱਖ ਦੀ ਰੂਹ ਚਿੰਤਨ/ਚੇਤਨਾ ਚ ਪੂਰੀ ਤਰ੍ਹਾਂ ਭਿੱਜ ਜਾਂਦੀ ਹੈ। ਇਨ੍ਹਾਂ ਕਵਿਤਾਵਾਂ ਵਿੱਚ ਇੱਕਲਾ ਸਮਾਜਿਕ ਪੱਖ ਹੀ ਨਹੀਂ ਹਨ, ਸਗੋਂ ਅਧਿਆਤਮਕ ਜ਼ਿੰਦਗੀ ਦੇ ਅਛੂਹੇ ਪੱਖ ਵੀ ਧਿਆਨਗੋਚਰੇ ਹੁੰਦੇ ਹਨ। ਮਨੁੱਖ ਦੀ ਗਲਤ ਵਰਤਾਰਿਆਂ ਪ੍ਰਤੀ ਧਾਰਨਾ ਬਦਲਦੀ ਹੈ ਸਹਿਜ-ਸੁਨੱਖਾ ਪਿਆਰ ਉਪਜਦਾ ਹੈ।ਏਹੀ ਇਸਦੀ ਅਮੁੱਲ ਸੁਨਹਿਰੀ ਪ੍ਰਾਪਤੀ ਹੈ। ਗੁਰਪ੍ਰੀਤ ਕੋਲ਼ ਕਾਵਿਕ ਗੱਲ ਕਹਿਣ ਦਾ

ਖੂਬਸੂਰਤ ਹੁਨਰ ਹੈ, ਉਸ ਹੁਨਰ ਨਾਲ ਓਹ ਅੱਖਰਾਂ ਨੂੰ ਖੂਬਸੂਰਤੀ ਪ੍ਰਦਾਨ ਕਰਦਾ ਹੋਇਆ ਨਵੇਂ ਸ਼ਬਦ, ਨਿਵੇਕਲੇ ਅਰਥ ਸਿਰਜਦਾ ਨਜ਼ਰੀਂ ਪੈਂਦਾ ਹੈ। ਉਸ ਚ ਬਹੁਤ ਸ਼ਕਤੀ ਹੈ, ਸਮਰੱਥਾ, ਜ਼ੇਰਾ, ਜਜ਼ਬੇ, ਸ਼ਬਦ ਉਸਨੂੰ ਹੋਰ ਅੱਗੇ ਲਿਜਾਣ ਲਈ ਬਿਹਬਲ ਹਨ। ਇਸ ਹੁਸ਼ਨ/ਹੁਨਰ ਲੱਦੀ ਸ਼ੁਰੂਆਤ ਨੂੰ ਉਸਦੀ ਜ਼ਿੰਦਗੀ ਦੀ ਮਾਣਮੱਤੀ ਪ੍ਰਾਪਤੀ ਕਹਿਣਾ ਅਤਿ ਕਥਨੀ ਨਹੀਂ ਹੈ। ਕਵਿਤਾ ਅਤੇ ਹਬੀਬ ਇੰਨੇ ਇੱਕਮਿਕ ਹੋ ਗਏ ਹਨ ਕਿ ਨਿਖੇੜਾ ਕਰਨਾ ਮੁਸ਼ਕਿਲ ਕਿ ਕੌਣ ਹਬੀਬ ਹੈ ਤੇ ਕੌਣ ਕਵਿਤਾ ! ਗੁਰਪ੍ਰੀਤ ਜੀ ਦੀ ਕਵਿਤਾ ਬਾਰੇ ਮੈਂ ਕੁੱਝ ਨਹੀਂ ਕਹਿਣਾ ਕਿਉਂਕਿ ਤੁਸੀਂ ਇਸ ਸੰਗ੍ਰਹਿ ਚੋਂ ਕਵਿਤਾ ਦੇ ਪੂਰਨ ਦੀਦਾਰੇ ਕਰ ਹੀ ਲੈਣੇ ਨੇ,ਪਰ ਇੰਨਾ ਕੁ ਜ਼ਰੂਰ ਕਹਾਂਗਾ ਕਿ ਇਸ ਕਵਿਤਾ ਸਮਝਣ ਲਈ ਜਿੱਥੇ ਪਾਠਕ ਦੀ ਸੋਝੀ ਦਾ ਹਾਜ਼ਮਾ ਦਰੁਸਤ ਲੋੜੀਂਦਾ ਹੈ, ਓਥੇ ਹੀ ਪਾਠਕ ਵੀ ਉਸਦੇ ਦੇ ਹਾਣਦਾ ਹੀ ਚਾਹੀਦਾ ਹੈ। ਕਵਿਤਾ ਚ ਸਭ ਰੰਗ ਭਰਨੇ ਹਬੀਬ ਦੇ ਖੱਬੇ ਹੱਥ ਦਾ ਖੇਡ ਹੈ ਤੇ ਉਹ ਇਸ ਖੇਤਰ ਦਾ ਪੂਰਾ ਮੰਝਿਆ ਖਿਡਾਰੀ ਵੀ ਹੈ। ਜਿਸ ਦੇ ਹੱਥ ਚ ਕਵਿਤਾ ਦਾ ਭਵਿੱਖ ਸੁਨਹਿਰੇ ਯੁੱਗ ਚ ਪ੍ਰਵੇਸ਼ ਕਰਦਾ ਨਜ਼ਰ ਆਉਂਦਾ ਹੈ। ਗੁਰਪ੍ਰੀਤ ਸਿੰਘ ਜਿਹੇ ਸ਼ਾਨਦਾਰ ਮਨੁੱਖ ਸਾਡੇ ਸਾਹਿਤਕ ਸਮਿਆਂ ਦਾ ਅਮੁੱਲ ਸਰਮਾਇਆ ਹਨ, ਓਨਾਂ ਦੀ ਸੰਗਤ ਜਿੰਦ ਦਾ ਤੇ ਸਾਹਿਤ ਦਾ ਅਮੁੱਲ ਹਾਸਿਲ ਹੈ। ਵਾਹਿਗੁਰੂ ਕਰੇ ਉਸਦੀ ਕਲਮ ਦਾ ਅਰੁਕ ਵੇਗ, ਕਵਿਤਾ ਦਾ ਮੂੰਹ ਮੁਹਾਂਦਰਾ ਨਿਖਾਰਦਾ ਰਵੇ। ਹਥਲੀ ਕਵਿਤਾ ਦੇ ਸੰਦਰਭ ਚ, ਭਵਿੱਖ ਵਿੱਚ ਵੀ ਹਬੀਬ ਕੋਲੋਂ ਬਹੁਤ

ਸ਼ਾਨਦਾਰ ਕਵਿਤਾਵਾਂ ਦੀ ਵੱਡੀ ਉਮੀਦ ਰੱਖੀ ਜਾ ਸਕਦੀ ਹੈ ਤੇ ਵਿਸ਼ਵ ਸਾਹਿਤ ਦੇ ਨਾਲ਼ ਉਸਦੀ ਕਵਿਤਾ ਕੱਦ ਮੇਚ ਸਕਦੀ ਹੈ ਇਸ ਲਈ ਗੁਰਪ੍ਰੀਤ ਨੂੰ ਕਵਿਤਾ ਦਾ ਅਭਿਆਸ ਵੀ ਬਹੁਤ ਹੀ ਸੰਜੀਦਗੀ ਨਾਲ਼ ਰੱਖਣਾ ਬਹੁਤ ਜਰੂਰੀ ਹੈ। ਇਸ ਸੰਗ੍ਰਹਿ ਦੀਆਂ ਗੁਰਪ੍ਰੀਤ ਸਿੰਘ ਹਬੀਬ ਤੇ ਪਰਿਵਾਰ ਨੂੰ ਬਹੁਤ ਮੁਬਾਰਿਕਾਂ ।

-ਜਸਵੀਰ ਸਿੰਘ ਦੀਦਾਰਗੜ੍ਹ (ਕਹਾਣੀਕਾਰ)

# ਸਮਰਪਣ

ਮੈਂ ਇਸ ਪਲੇਠੇ ਕਾਵਿ-ਸੰਗ੍ਰਹਿ 'ਵਿਹਲੀ ਮਾਂ' ਆਪਣੇ ਪਿਤਾ ਸ੍ਰ: ਨਿਸ਼ਾਨ ਸਿੰਘ ਜੀ ਅਤੇ ਮਾਤਾ ਰਜਵੰਤ ਕੌਰ ਜੀ ਅਤੇ ਪੂਰਾ ਪਰਿਵਾਰ ਜਿੰਨਾਂ ਦੀਆਂ ਦੁਆਵਾਂ ਤੇ ਆਸ਼ਿਰਵਾਦ ਨਾਲ ਇਸ ਕਿਤਾਬ ਨੂੰ ਤੁਹਾਡੇ ਤੱਕ ਪਹੁੰਚਾ ਸਕਿਆ ,ਸਭ ਨੂੰ ਸਮਰਪਿਤ ਕਰਦਾ ਹਾਂ।

ਮੈਂ ਅਪਣੀ ਹਮਸਫ਼ਰ,ਪਿਆਰੀ ਪਤਨੀ ਕੋਮਲਪ੍ਰੀਤ ਕੌਰ ਦਾ ਵੀ ਬਹੁਤ ਧੰਨਵਾਦੀ ਹਾਂ , ਜਿੰਨ੍ਹਾਂ ਨੇ ਮੈਨੂੰ ਖੁੱਲ੍ਹਾ ਸਮਾਂ ਤੇ ਹਮੇਸ਼ਾ ਹੌਸਲਾ ਅਫ਼ਜ਼ਾਈ ਕੀਤੀ।

ਮੈਂ ਆਪਣੇ ਸਾਰੇ ਦੋਸਤਾਂ ਵਿਸ਼ੇਸ਼ ਤੌਰ ਤੇ ਮੈਮ ਰਾਜਵਿੰਦਰ ਕੌਰ ਨਾਹਰ ਅਤੇ ਸ੍ਰ: ਜਗਮੋਹਨ ਸਿੰਘ ਪੁਰਬਾ ਦਾ ਦਿਲੋਂ ਧੰਨਵਾਦ ਕਰਦਾ ਜਿੰਨ੍ਹਾਂ ਨੇ ਹਮੇਸ਼ਾ ਹੀ ਬਹੁਤ ਸਾਥ ਦਿੱਤਾ ਤੇ ਸਮੇਂ-ਸਮੇਂ ਤੇ ਕ਼ੀਮਤੀ  ਸੁਝਾਅ ਦੇਕੇ ਇਸ ਕਾਵਿ-ਸੰਗ੍ਰਹਿ ਨੂੰ ਤੁਹਾਡੇ ਤੱਕ ਪਹੁੰਚਾਉਣ ਵਿੱਚ ਸਹਾਇਤਾ ਕੀਤੀ।

ਸਭ ਦਾ ਬਹੁਤ ਬਹੁਤ ਧੰਨਵਾਦ ਤੇ ਸਤਿਕਾਰ

ਗੁਰਪ੍ਰੀਤ ਸਿੰਘ ਹਬੀਬ

# ਦੋ ਸ਼ਬਦ

ਮੈਂ ਇਸ ਪਲੇਠੇ ਕਾਵਿ ਸੰਗ੍ਰਹਿ 'ਵਿਹਲੀ ਮਾਂ' ਨੂੰ, ਸਾਹਿਤਿਕ ਪ੍ਰੇਮੀਆਂ ਨੂੰ ਸੌਂਪਦੇ ਹੋਏ ਬਹੁਤ ਖੁਸ਼ੀ ਮਹਿਸੂਸ ਕਰ ਰਿਹਾ ਹਾਂ,ਨਾਲ ਹੀ ਇਕ ਅਜੀਬ ਜਿਹਾ ਡਰ ਵੀ। ਮੈਂ ਇਹ ਦੱਸਣ ਵਿੱਚ ਕੋਈ ਵੀ ਝਿਜਕ ਮਹਿਸੂਸ ਨਹੀਂ ਕਰਦਾ ਕਿ ਮੈਂ ਇੱਕ ਅਣਜਾਣ ਜਿਹਾ,ਘੱਟ ਸੋਝੀ ਵਾਲਾ ਸਿੱਖ ਰਿਹਾ ,ਇਕ ਨਿਤਾਣਾ ਜਿਹਾ ਕਵੀ ਬਣਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਮੈਂ ਇਸ ਪਲੇਠੇ ਕਾਵਿ-ਸੰਗ੍ਰਹਿ ''ਵਿਹਲੀ ਮਾਂ' ਦੀ ਕਿਤਾਬ ਵਿੱਚ ਜਿੰਨ੍ਹਾਂ ਵੀ ਲਿਖਣ ਦੀ ਕੋਸ਼ਿਸ਼ ਕੀਤੀ ਹੈ, ਉਸ ਵਿੱਚ ਬਹੁਤ ਸਾਰੀਆਂ ਉਣਤਾਈਆਂ ਰਹਿ ਗਇੀਆਂ ਹੋਣ ਸਕਦੀਆਂ ਹਨ। ਮੇਰੇ ਜਿੰਨ੍ਹੇ ਵੀ ਸਾਹਿਤ ਨੂੰ ਪਿਆਰ ਕਰਨ ਵਾਲੇ , ਚਾਹੇ ਕੋਈ ਆਮ ਪਾਠਕ ਹੋਵੇ ਜਾਂ ਫ਼ਿਰ ਕੋਈ ਵੀ ਮੇਰਾ ਸਤਿਕਾਰਯੋਗ ਸਾਹਿਤਕਾਰ, ਜਿੰਨ੍ਹਾਂ ਨੂੰ ਵੀ ਮੇਰੇ ਇਸ ਕਾਵਿ-ਸੰਗ੍ਰਹਿ''ਵਿਹਲੀ ਮਾਂ' ਵਿੱਚ ਕੋਈ ਵੀ ਕਮੀਂ ਦਿਖਾਈ ਦਿੰਦੀ ਹੈ ਤਾਂ ਕਿਰਪਾ ਕਰਕੇ ਮੈਨੂੰ ਇਸ ਸੰਬੰਧੀ ਸੁਝਾਅ ਦੇਕੇ ਸਿੱਖਣ ਦਾ ਮੌਕਾ ਜ਼ਰੂਰ ਦੇਣ।

ਮੈਂ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਮੈਂ ਇਕ ਦ੍ਰਿੜ੍ਹ ਇਰਾਦੇ ਵਾਲਾ ਹਮੇਸ਼ਾ ਸਿੱਖਣ ਵਾਲਾ, ਜਗਿਆਸੂ ਤੇ ਅਭਿਆਸੀ ਵਿਦਿਆਰਥੀ

ਹਾਂ। ਤੁਸੀਂ ਮੈਨੂੰ ਜੋ ਵੀ  ਅਪਣੇ ਕੀਮਤੀ ਸੁਝਾਅ ਦਿਓਂਗੇ ਮੈਂ ਉਸ ਨੂੰ ਖਿੜੇ ਮੱਥੇ ਪ੍ਰਵਾਨ ਕਰਾਂਗਾ।

ਮੈਂ ਸ਼ਾਇਰ ਨਹੀਂ ਮੈਂ ਕਵੀ ਨਹੀਂ
ਮੈਂ ਸ਼ਾਇਰਾਂ ਦੇ ਪੈਰਾਂ ਦੀ ਧੂੜ ਜਿਹਾ
ਮੈਂ ਅਣਜਾਣ ਜਿਹਾ, ਗੁੰਮਨਾਮ ਜਿਹਾ
ਨਾ ਬਹੁਤਾ ਕੋਈ ਮਸ਼ਹੂਰ ਜਿਹਾ
ਬਹੁਤ ਬਹੁਤ ਧੰਨਵਾਦ ਤੇ ਸਤਿਕਾਰ।

# ੧
# ਮੈਂ ਸ਼ਾਇਰ ਨਹੀਂ

ਮੈਂ ਸ਼ਾਇਰ ਨਹੀਂ ਮੈਂ ਕਵੀ ਨਹੀਂ
ਮੈਂ ਸ਼ਾਇਰਾਂ ਦੇ ਪੈਰਾਂ ਦੀ ਧੂੜ ਜਿਹਾ

ਮੈਂ ਅਣਜਾਣ ਜਿਹਾ, ਗੁੰਮਨਾਮ ਜਿਹਾ
ਨਾ ਬਹੁਤਾ ਕੋਈ  ਮਸ਼ਹੂਰ ਜਿਹਾ

ੳ ਅ ਅੱਖਰਾਂ ਦਾ ਹੀ ਆਸ਼ਕ ਮੈਂ
ਇੱਕੋ ਰੱਬ ਦਾ ਹੀ ਉਪਾਸ਼ਕ ਮੈਂ

ਬਸ ਉਸ ਦਾ ਹੀ ਸਰੂਰ ਜਿਹਾ
ਮੈਂ ਸ਼ਾਇਰ ਨਹੀ, ਮੈਂ ਕਵੀ ਨਹੀਂ
ਮੈਂ ਸ਼ਾਇਰਾਂ ਦੇ ਪੈਰਾਂ ਦੀ ਧੂੜ ਜਿਹਾ

ਮਾਂ ਬੋਲੀ ਪੰਜਾਬੀ ਮੇਰੀ
ਸਭ ਤੋਂ ਵੱਧ ਪਿਆਰ ਕਰਾ
ਇਸ ਦੇ. ਸਾਰੇ ਹਰਫ਼ਾ ਦਾ
ਦਿਲ ਤੋਂ ਮੈਂ ਸਤਿਕਾਰ ਕਰਾ

ਇਸਦੇ ਦਿੱਤੇ ਲਫ਼ਜ਼ਾਂ ਦਾ
'ਹਬੀਬ' ਨੂੰ ਗ਼ਰੂਰ ਜਿਹਾ
ਮੈਂ ਸ਼ਾਇਰ ਨਹੀ ,ਮੈਂ ਕਵੀ ਨਹੀਂ
ਮੈਂ ਸ਼ਾਇਰਾਂ ਦੇ ਪੈਰਾਂ ਦੀ ਧੂੜ ਜਿਹਾ



# 2
# ਮੰਜ਼ਿਲ ਦੀ ਤਾਂਘ

ਅਸੀਂ ਕਦ ਪੁੱਜਾਂਗੇ ਮੰਜ਼ਿਲ ਉੱਤੇ,
ਇਹੀ ਸੋਚ ਸੋਚ ਡਰ ਜਾਈਏ
ਫ਼ਤਹਿ ਕਰਨ ਤੋਂ ਪਹਿਲਾਂ ਸਿਖਰਾਂ
ਨਾ ਰਸਤੇ ਵਿੱਚ ਮਰ ਮੁੱਕ ਜਾਈਏ
ਅਸੀਂ ਕਦ ਬਣਨਾ ਐ ਡੂੰਘੇ ਦਰਿਆ
ਨਾ ਕਦੇ ਛੱਪੜ ਬਣ ਸੜ ਸੁੱਕ ਜਾਈਏ।

ਬਹੁਤੀ ਵਾਰ ਤਾਂ ਸਿਖ਼ਰ ਤੋਂ ਡਿੱਗੀਏ
ਤਾਂਹੀਂ ਡਰ ਡਰ ਕੇ ਗਾਮ ਟਿਕਾਈਏ
ਮੇਰੇ ਨਾਲ ਰਹਿਣ ਕੁਝ ਤਿੱਖੀਆਂ ਸੂਲਾਂ
ਤਾਂਹੀਉਂ ਹਰ ਰੋਜ਼ ਨਵੀਂ ਚੁੱਬ ਖਾਈਏ
ਅਸੀਂ ਕਦ ਬਣਨਾ ਐ ਡੂੰਘੇ ਦਰਿਆ
ਨਾ ਕਦੇ ਛੱਪੜ ਬਣ ਸੜ ਸੁੱਕ ਜਾਈਏ।

ਕਦ ਚੜ੍ਹਨਾ ਐ ਉਹ ਸੁਖ਼ਨ ਸਵੇਰਾ
ਜਦ ਬਿੰਨ ਫਿਕਰਾਂ ਉੱਠ ਜਾਈਏ
ਸਰਘੀ ਦਾ ਸੂਰਜ ਵੱਢ ਵੱਢ ਖਾਂਦਾ
ਨਾ ਕਦੇ ਇੱਦਾਂ ਹੀ ਸੜ ਭੁੱਜ ਜਾਈਏ
ਅਸੀਂ ਕਦ ਬਣਨਾ ਐ ਡੂੰਘੇ ਦਰਿਆ
ਨਾ ਕਦੇ ਛੱਪੜ ਬਣ ਸੜ ਸੁੱਕ ਜਾਈਏ ।

'ਹਬੀਬ' ਨਾ ਡਰ ਲੋਕਾਂ ਦੇ ਪੱਥਰਾਂ ਤੋਂ
ਫੜ ਇਸ ਨੀਹਾਂ ਵਿੱਚ ਵਿਛਾਈਏ
ਕਰ ਕੇ ਮਜ਼ਬੂਤ ਮੰਜ਼ਿਲ ਆਪਣੀ
ਫ਼ਿਰ ਉਪਰੋਂ ਨਜ਼ਰ ਘੁੰਮਾਈ ਐ
ਇੱਕ ਦਿਨ ਬਣ ਜਾਣਾ ਡੂੰਘੇ ਦਰਿਆ
ਹਰ ਰੋਜ਼ ਸਬਰ ਦਾ ਪਾਣੀ ਪਾਈਏ
ਹਰ ਰੋਜ਼ ਸਬਰ ਦਾ ਪਾਣੀ ਪਾਈਏ ।



# 3
# ਮੈਨੂੰ ਕੋਈ ਫ਼ਰਕ ਨਹੀਂ ਪੈਂਦਾ

ਹਨੇਰ ਹਵਾਵਾਂ ਝੱਖੜਾਂ ਦਾ
ਮੈਨੂੰ ਕੋਈ ਫ਼ਰਕ ਨਹੀਂ ਪੈਂਦਾ
ਬੱਦਲ ਗਰਜਣ ਭਾਵੇਂ
ਤੇਜ ਮੀਂਹ ਵੀ ਬਰਸਣ
ਸਰਦੀ ਗਰਮੀ ਲੂਆਂ ਧੁੱਪਾਂ ਦਾ
ਮੈਨੂੰ ਕੋਈ ਫ਼ਰਕ ਨ੍ਹੀ ਪੈਂਦਾ
ਮੈਂ ਇਹ ਸਭ ਸਹਿੰਦਾ ਹਾਂ
ਕਿਉਂਕਿ ਮੈਂ ਇੱਕ ਨੰਨਾ ਪੌਦਾ ਹਾਂ ।

ਕੋਈ ਬਣ ਨਹੀਂ ਸਕਦਾ
ਮੇਰੇ ਰਾਹ ਦਾ ਰੋੜਾ
ਕੋਈ ਰੋਕ ਨਹੀਂ ਸਕਦਾ
ਮੇਰੇ ਚਲਦੇ ਕਦਮਾਂ ਨੂੰ
ਬੰਨ ਨ੍ਹੀ ਖੜ ਸਕਦਾ
ਕੋਈ ਮੇਰੇ ਸਾਹਵੇਂ
ਰੋੜ ਦਵਾ ਹਰ ਬੰਧਨਾਂ ਨੂੰ

ਮੈਂ ਪਹਿਲਾਂ ਹੀ ਇਹ ਸਭ ਕਹਿੰਦਾ ਹਾਂ
ਕਿਉਂਕਿ ਕਿ ਮੈਂ ਤਾਂ ਪਾਣੀ ਹਾਂ ।

ਮੈਨੂੰ ਕੋਈ ਕਰ ਕੈਦ ਨ੍ਹੀ ਸਕਦਾ
ਨਾ ਕਿਸੇ ਦੀ ਇੰਨੀ ਔਕਾਤ
ਹਰ ਰਾਹ ਮੈਂ ਖ਼ੁਦ ਬਣਾਵਾਂ
ਨਾ ਕਰ ਨਾਦਾਨੀ ਦੀ ਤੂੰ ਬਾਤ
ਹਰ ਰਾਹ ਦੀ ਸਾਰ ਤਾਂ
ਮੈਂ ਖ਼ੁਦ ਲੈਂਦਾ ਹਾਂ ।
ਕਿਉਂਕਿ ਮੈਂ ਤਾਂ ਪਾਣੀ ਹਾਂ

ਮੇਰਾ ਕੋਈ ਕੁਝ ਵਿਗਾੜ ਨ੍ਹੀ ਸਕਦਾ
ਹੋਂਦ ਮੇਰੀ ਨੂੰ ਮਿਟਾ ਨ੍ਹੀ ਸਕਦਾ
ਬੇਸ਼ੱਕ ਪੁੱਟਕੇ  ਸੁੱਟ ਦਿਓ ਮੈਨੂੰ
ਮੈਂ ਉੱਥੇ ਹੀ ਸਾਹ ਲੈਂਦਾ ਹਾਂ
ਕਿਉਂਕਿ ਮੈਂ ਤਾਂ ਘਾਹ ਹਾਂ ।

ਮੈਨੂੰ ਚਾਹੇ ਕਿੰਨਾ ਵੀ ਤੰਗ ਕਰੋ
ਮੈਨੂੰ ਹਰਾਉਣ ਲਈ ਜਿੰਨੀ ਵੀ ਜੰਗ ਕਰੋ
ਚਾਹੇ ਚੁੱਕ ਅਸਮਾਨੋਂ ਸੁੱਟੋ
ਮੈਂ ਫਿਰ ਉੱਠ ਕੇ ਤੁਰ ਪੈਣਾ ਏ

ਕਰਲੈ ਬੰਦ ਜਿੰਨੇ ਕਰਨੇ ਰਸਤੇ
ਮੈਂ ਫਿਰ ਦੂਜੇ ਰਾਹ ਮੁੜ ਪੈਣਾ ਏ
'ਹਬੀਬ 'ਕੋਈ ਫ਼ਰਕ ਨਹੀਂ ਪੈਂਦਾ
ਮੈਂ ਤਾਂ ਰੋਜ ਹੀ ਇਹ ਸਭ ਵੇਂਹਦਾਂ ਹਾਂ
ਕਿਉਂਕਿ ਮੈ ਤਾਂ ਇੱਕ ਨੰਨੀ ਕੀੜੀ ਹਾਂ ।

# 4

# ਅਣਜਾਣੇ ਰਾਹ

ਚੱਲਦੀ ਹਵਾਂ ਨੂੰ ਰੋਜ ਤੱਕਦਾ ਹਾਂ
ਕਦੇ ਪਹਾੜਾਂ ਚੋਂ ਕਦੇ ਟਿੱਬਿਆਂ ਚੋਂ
ਕਦੇ ਲੰਘਦੀ ਉੱਚਿਆ ਮਹਿਲਾਂ ਚੋਂ
ਕਦੇ ਕੱਚੇ ਕੋਠੇ ਲਿੰਬਿਆ ਚੋਂ
ਇਨ੍ਹਾਂ ਕੁਦਰਤ ਦੇ ਸਿਧਾਂਤਾ ਨਾਲ
ਹਰਦਮ ਮੈਂ ਜੁੜਿਆ ਰਹਿੰਦਾ ਹਾਂ
ਜ਼ਿੰਦਗੀ ਦੇ ਅਣਜਾਣੇ ਰਾਹਾਂ ਤੇ
ਅਕਸਰ ਮੈਂ ਤੁਰਿਆ ਰਹਿੰਦਾ ਹਾਂ।

ਕਦੇ ਦੇਖਾਂ ਥੋਰ ਕੰਡਿਆਲੀ ਨੂੰ
ਕਦੇ ਤੱਕਾਂ ਫੁੱਲ ਗੁਲਾਬਾਂ ਦੇ
ਸਮੋਈ ਬੈਠੀ  ਹੈ ਇਕ ਦੁੱਖਾਂ ਨੂੰ
ਦੂਜਾ ਹੱਸਦਾ ਨਾਲ ਸ਼ਬਾਬਾਂ ਦੇ
ਨਾ ਜਾਣਾ ਮੈਂ ,ਕੀ  ਹਾਂ ਮੈਂ
ਦੋਨਾਂ ਤੋ ਹੀ ਥੁੜ੍ਹਿਆ ਰਹਿੰਦਾ ਹਾਂ
ਜ਼ਿੰਦਗੀ ਦੇ ਅਣਜਾਣੇ ਰਾਹਾਂ ਤੇ
ਅਕਸਰ ਮੈਂ ਤੁਰਿਆ ਰਹਿੰਦਾ ਹਾਂ।

ਜਿੰਨ੍ਹਾਂ ਰਾਹਾਂ ਤੇ ਵੀ ਤੁਰਦਾ ਹਾਂ
ਉੱਥੇ ਹੋਰ ਨਾ ਕੋਈ ਦਿਸਦਾ ਆ
ਭੀੜ ਦੇਖ ਕੇ ਦੂਜਿਆਂ ਰਾਹਾਂ ਤੇ
ਮੈਂ ਡਰ ਵਿਚ  ਰਹਿੰਦਾ ਰਿਸਦਾ ਆ
ਜਾਕੇ ਖੜ ਜਾਵਾਂ ਨਾਲ ਓਹਨਾ ਦੇ?
ਸਵਾਲ ਇਹ ਜੁੜਿਆ ਰਹਿੰਦਾ ਆ
ਜ਼ਿੰਦਗੀ ਦੇ ਅਣਜਾਣੇ ਰਾਹਾਂ ਤੇ
ਅਕਸਰ ਮੈਂ ਤੁਰਿਆ ਰਹਿੰਦਾ ਹਾਂ ।

ਕਦੇ ਮੰਜ਼ਿਲ ਤੇ ਵੀ ਪੁੱਜਾਗਾ ?
ਇਹ ਸੋਚ ਸਤਾਉਂਦੀ ਰਹਿੰਦੀ ਆ
ਕਦੇ ਦੀਵਾ ਮਾਰ ਫੂਕ ਬੁਝਾਉਂਦੀ ਏ
ਕਦੇ ਜੋਤ ਜਗਾਉਂਦੀ ਰਹਿੰਦੀ ਆ
'ਹਬੀਬ'  ਰੱਬ ਤੇ ਰੱਖ ਵਿਸਵਾਸ਼
ਹਰ ਰਾਹ ਤੇ ਮੁੜਿਆ ਰਹਿੰਦਾ ਹਾਂ
ਜ਼ਿੰਦਗੀ ਦੇ ਅਣਜਾਣੇ ਰਾਹਾਂ ਤੇ
ਅਕਸਰ ਮੈਂ ਤੁਰਿਆ ਰਹਿੰਦਾ ਹਾਂ

ਮੰਜ਼ਿਲ ਦਾ ਵੀ ਕੋਈ ਪਤਾ ਨਹੀਂ
ਫਿਰ ਵੀ ਨਾ ਕਦੇ ਬਹਿੰਦਾ ਹਾਂ
ਜ਼ਿੰਦਗੀ ਦੇ ਅਣਜਾਣੇ ਰਾਹਾਂ ਤੇ
ਅਕਸਰ ਮੈਂ ਤੁਰਿਆ ਰਹਿੰਦਾ ਹਾਂ ।

# 5
# ਧਰਤ ਦਾ ਜਾਇਆ

ਧਰਤ ਦਾ ਮੈਂ ਜਾਇਆ,
ਵਿੱਚ ਧਰਤ ਹੀ ਸਮਵਾਵਾਂਗਾ
ਜਾਂ ਬਣਕੇ ਰੁੱਖ  ਕੋਈ ਵੱਡਾ,
ਸਿਰ ਆਸਮਾਂ ਨੂੰ ਲਾਵਾਂਗਾ

ਉਘਦੀਆਂ ਵੇਲਾਂ ਕਈਆਂ ਦਾ
ਸਹਾਰਾ ਬਣਦਾ ਰਹਾਂਗਾ ਮੈਂ
ਬੇਘਰ ਪੰਛੀਆਂ ਦੇ ਲਈ
ਆਸਰਾ ਬਣਦਾ ਰਹਾਂਗਾ ਮੈਂ

ਲੋੜ ਜੋ ਵੀ ਪਾਣੀ ਭੋਜਨ ਦੀ
ਉਹ ਵੀ ਮੈਂ ਪੁਚਾਵਾਂਗਾ
ਧਰਤ ਦਾ ਮੈਂ ਜਾਇਆ
ਵਿੱਚ ਧਰਤ ਹੀ ਸਮਵਾਵਾਂਗਾ

ਆਉਂਦੇ ਜਾਂਦੇ ਰਾਹੀਆਂ ਨੂੰ
ਛਾਂ ਆਪਣੀ ਹੇਠ ਬਿਠਾਵਾਂਗਾ
ਉਹਨਾਂ ਦੀ ਲਾਹ ਥਕਾਵਟ

## ਰੂਹ ਤੋਂ ਗੀਤ ਗਵਾਵਾਂਗਾ

ਖ਼ੁਸ਼ ਹੁੰਦਾ ਦੇਖ ਉਨ੍ਹਾਂ ਨੂੰ
ਮੈਂ ਖੁਸ਼ੀਆਂ ਨੂੰ ਮਾਣਾਂਗਾ
ਧਰਤ ਦਾ ਮੈਂ ਜਾਇਆ
ਵਿੱਚ ਧਰਤ ਹੀ ਸਮਵਾਵਾਂਗਾ

ਜਾਂ ਬਣਕੇ ਰੁੱਖ ਕੋਈ ਵੱਡਾ
ਸਿਰ ਆਸਮਾਂ ਨੂੰ ਲਾਵਾਂਗਾ
ਧਰਤ ਦਾ ਮੈਂ ਜਾਇਆ
ਵਿੱਚ ਧਰਤ ਹੀ ਸਮਾਵਾਂਗਾ

# ੬
# ਤੇਰਾ ਮਕਸਦ

ਤੇਰਾ ਮਕਸਦ ਕੁਝ  ਬਣਨਾ ਤਾਂ ਹੈ
ਨਾਂ ਅਪਣੇ ਨੂੰ ਉੱਚਾ ਕਰਨਾ ਤਾਂ ਹੈ
ਇਹ ਮੁਸੀਬਤਾਂ ਦੀਆਂ ਬੇੜੀਆਂ ਨੂੰ ਤੋੜ ਕੇ
ਮਾਨ ਨਾਲ ਅਜ਼ੇ ਸੀਨਾ ਤਣਨਾ ਤਾਂ ਹੈਂ
ਤੇਰਾ ਮਕਸਦ ਕੁਝ ਬਣਨਾ ਤਾਂ ਹੈਂ

ਤੇਰੇ ਸੰਘਰਸ਼ ਦੀ ਤਾਂ ਅਜੇ ਸ਼ੁਰੂਆਤ ਐ
ਤੂੰ ਦੁਨੀਆਂ ਦੇ ਧੱਕਿਆ ਨੂੰ ਦੇਖਿਆ ਹੀ ਨ੍ਹੀ
ਪਾਬੰਧੀਆਂ ਦੇ ਕੰਢੇ ਅਜੇ ਆਉਣੇ ਤੇਰੇ ਪੈਰਾਂ ਵਿੱਚ
ਆਜ਼ਾਰ ਦਾ ਵੀ ਭੱਠ ਅਜੇ ਸੇਕਿਆ ਹੀ ਨ੍ਹੀ
ਬਣ ਕੇ ਫੌਲਾਦ ਫਿਰ ਖੜ ਸਾਹਵੇਂ ਇਨ੍ਹਾਂ ਦੇ
ਰੁਕਾਵਟਾਂ ਦਾ ਝੁੰਡ ਅਜ਼ੇ ਮਲਨਾ ਤਾਂ ਹੈ
ਤੇਰਾ ਮਕਸਦ ਕੁਝ ਬਣਨਾ ਤਾਂ ਹੈਂ
ਨਾਂ ਆਪਣੇ ਨੂੰ ਉੱਚਾ ਕਰਨਾ ਤਾਂ ਹੈਂ ।

ਦੁਨੀਆਂ ਦੇ ਮਾਰੇ ਪੱਥਰਾਂ ਨਾਲ
ਸਿੱਖ ਲੈ ਭਵਿੱਖ ਦੀ ਨੀਂਹ ਭਰਨਾ

ਇਹ ਬੇਅਕਲੇ ਲੋਕਾਂ ਦੀਆਂ ਗੱਲਾਂ
ਨੂੰ ਸਿਖਲੈ ਚੁੱਪ ਚੁਪੀਤੇ ਜਰਨਾ
'ਹਬੀਬ' ਯਕੀਨ ਤਾਂ ਹੈਂ ਮੈਨੂੰ ਉਸ ਰੱਬ ਤੇ
ਸਫਲਤਾ ਦੀ ਗੱਡੀ ਇੱਕ ਦਿਨ ਚੜ੍ਹਨਾ ਤਾਂ ਹੈਂ
ਤੇਰਾ ਮਕਸਦ ਕੁਝ ਬਣਨਾ ਤਾਂ ਹੈਂ
ਨਾਂ ਆਪਣੇ ਨੂੰ ਉੱਚਾ ਕਰਨਾ ਤਾਂ ਹੈਂ।



# 7


# ਮੇਰੀਆਂ ਰਾਹਾਂ

ਮੇਰੀਆਂ ਰਾਹਾਂ ਲੰਮੀਆਂ ਤੇ ਔਖੀਆਂ ਕਿਉਂ ਨੇ
ਕੰਕਰ ਪੱਥਰ ਕੰਡੇ ਬਹੁਤ ਤੰਗ ਕਰਦੇ ਨੇ
ਕੁਝ ਲੋਕਾਂ ਦੇ ਦਿਲ ਹਮੇਸ਼ਾ ਮੇਰੇ ਲਈ
ਦੁੱਖਾਂ ਦੀ ਹੀ ਕਿਉਂ ਮੰਗ ਕਰਦੇ ਨੇ
ਜੇ ਲੋਕ ਸਹੀ ਰਸਤਾ ਦਿਖਾ ਤੇ ਚਲ ਨ੍ਹੀ ਸਕਦੇ
ਫਿਰ ਉਨ੍ਹਾਂ ਦੇ ਹੱਥਾਂ ਵਿੱਚ ਪੋਥੀਆਂ ਕਿਉਂ ਨੇ ?
ਮੇਰੀਆਂ ਰਾਹਾਂ ਲੰਮੀਆਂ ਤੇ ਔਖੀਆਂ ਕਿਉਂ ਨੇ ?

ਮੈਂ ਮਾਂ ਬਾਪ ਦੀ ਹਰ ਖ਼ੁਆਹਿਸ਼ ਪੂਰੀ ਕਰਨਾ ਚਾਹੁੰਦਾ ਹਾਂ
ਉਹ ਬਸ ਮੇਰੀਆਂ ਖ਼ੁਸ਼ੀਆਂ ਦੀ ਮੰਗ ਕਰਦੇ ਨੇ
ਮੇਰੇ ਹਰ ਹਾਲਾਤ ਵਿੱਚ ਜਿੱਤਣ ਲਈ ਜੰਗ ਕਰਦੇ ਨੇ
ਰੱਬਾ ਤੂੰ ਤਾਂ ਹਰ ਇੱਕ ਦੀਆਂ ਖ਼ੁਸ਼ੀਆਂ ਦਾ ਖਿਆਲ ਰੱਖਣ ਵਾਲਾ ਏ
ਪਰ, ਮੇਰੀਆਂ ਖ਼ੁਸ਼ੀਆਂ ਅਜੇ ਤੱਕ ਨੋਚੀਆਂ ਕਿਉਂ ਨੇ
ਮੇਰੀਆਂ ਰਾਹਾਂ ਲੰਮੀਆਂ ਤੇ ਔਖੀਆਂ ਕਿਉਂ ਨੇ ?

ਅਜੇ ਬੜਾ ਲੰਮਾ ਏ ਸੰਘਰਸ਼ ਮੇਰਾ
ਹਰ ਰੋਜ਼ ਗ਼ਮ ਨਵੇਂ ਨਿੱਤ ਧਰਦਾ ਹਾਂ
ਬੇਸ਼ੱਕ, ਜਾਂਦਾ ਕਦੇ ਅੱਗੇ ਹਾਂ ਕਦੇ ਪਿੱਛੇ ਹਾਂ
ਪਰ ਇਸ ਰਸਤੇ ਨਾਲ ਬੇਬਾਕ ਮੁਹੱਬਤ ਕਰਦਾ ਹਾਂ
ਬਹੁਤ ਲੋਕ ਹੈਰਾਨ ਨੇ ਇਥੇ ਹੁਣ ਤਾਂ
ਮੇਰੀਆਂ ਸੋਚਾਂ ਇੰਨੀਆਂ ਘੋਖੀਆਂ ਕਿਉਂ ਨੇ ?
ਮੇਰੀਆਂ ਰਾਹਾਂ ਲੰਮੀਆਂ ਤੇ ਔਖੀਆਂ ਕਿਉਂ ਨੇ ?

ਕੁਝ ਖ਼ਿਲਾਫ਼ ਮੇਰੇ ਕੁਝ ਨਾਲ ਖੜ੍ਹੇ
ਹਰ ਰਾਹ ਤੇ ਕੁਝ ਨਵਾਂ ਦਿਖਾਉਂਦੇ ਨੇ
ਮੈਂ ਕਰਦਾ ਹਾਂ ਧੰਨਵਾਦ ਬੜਾ
ਹਰ ਪਲ ਕੁਝ ਨਵਾਂ ਸਿਖਾਉਂਦੇ ਨੇ
'ਹਬੀਬ' ਇਹ ਨ੍ਹੀਂ ਜ਼ਰ ਸਕਦੇ ਕਿ
ਪਹੁੰਚ ਰਹੇ ਇਹ ਚੋਟੀਆਂ ਕਿਉਂ ਨੇ
ਮੇਰੀਆਂ ਰਾਹਾਂ ਲੰਮੀਆਂ ਤੇ ਔਖੀਆਂ ਕਿਉਂ ਨੇ?



# ੪

# ਸੁਪਨਿਆਂ ਦੇ ਬੀਜ਼

ਤੇਰੇ ਸੁਪਨਿਆ ਦੇ ਬੀਜਾਂ ਨੂੰ ,ਬੰਦ ਮੁੱਠੀ ਵਿੱਚ ਰੱਖਿਆ
ਜੇ ਮਿਲ ਜਾਵੇ ਜਰਖੇਜ਼ ਜ਼ਮੀਂ ,ਬੰਦ ਮੁੱਠੀ ਮੈਂ ਖੋਲਾਂ

ਉੱਘ ਜਾਵੇਂ ਪੌਦਾ ਪਿਆਰ ਦਾ, ਰੋਜ਼ ਪਾਣੀ ਮੈਂ ਦੇਵਾਂ
ਖਿੜ ਜਾਵੇ ਫ਼ੁੱਲ ਸੋਹਣਾ, ਬੋਲ ਪਿਆਰ ਦੇ ਬੋਲਾਂ

ਲੱਭਣ ਤੁਰ ਪਿਆ ਰਸਤਾ, ਬਹਾਰਾਂ ਜਿੰਨ੍ਹਾਂ ਰਾਹੀਂ ਏ ਆਉਣਾ
ਗਲੀਚਾ  ਮੈਂ ਨਜ਼ਰਾਂ ਦਾ ,ਪੈਰਾਂ ਵਿੱਚ ਜਾਕੇ ਮੈਂ ਵਿਛਾਉਣਾ

ਲੈਕੇ ਕਹੀ ਬੇਸਬਰੀ ਦੀ, ਥਾਂ ਥਾਂ ਜਾਕੇ ਮੈਂ ਫੋਲਾਂ
ਕੋਈ ਖਿੜ ਜਾਵੇ ਫੁੱਲ ਸੋਹਣਾ,ਬੋਲ ਪਿਆਰ ਦੇ ਬੋਲਾਂ

ਦੇਕੇ ਪੌਣਾਂ ਨੂੰ ਸੁਨੇਹਾ ਮੈਂ, ਬੱਦਲਾਂ ਨੂੰ ਬੁਲਾਵਾਂਗਾ
ਕਿਣਮਿਣ ਪੈਣੀਆਂ ਕਣੀਆਂ, ਸੱਧਰਾਂ ਨੂੰ ਜਗਾਵਾਂਗਾਂ

ਸ਼ਰਬਤ ਤਿਆਰ ਮੈਂ ਕਰਨਾ,ਹਰ ਇਕ ਸਾਹ ਨੂੰ ਮੈਂ ਘੋਲਾਂ
ਕੋਈ ਖਿੜ ਜਾਵੇ ਫੁੱਲ ਸੋਹਣਾ,ਬੋਲ ਪਿਆਰ ਦੇ ਬੋਲਾਂ

ਸਾਰੇ ਪੰਛੀਆਂ ਦੇ ਸੁਰ ,ਰੁਹਾਨੀ ਸਾਜ਼ ਬਣ ਜਾਵਣ
ਭੰਵਰੇ ਤਿੱਤਲੀਆਂ ਨੱਚਣ,ਮੋਰ ਗਾਉਂਣ ਲੱਗ ਜਾਵਣ

ਸਭ ਕੁਝ ਕ਼ੈਦ ਹੋ ਜਾਵੇ,ਐਸਾ ਪਿੰਜਰਾਂ ਮੈਂ  ਟੋਲਾਂ
ਕੋਈ ਖਿੜ ਜਾਵੇ ਫੁੱਲ ਸੋਹਣਾ, ਬੋਲ ਪਿਆਰ ਦੇ ਬੋਲਾਂ

ਤੇਰੇ ਸੁਪਨਿਆ ਦੇ ਬੀਜਾਂ ਨੂੰ ,ਬੰਦ ਮੁੱਠੀ ਵਿੱਚ ਰੱਖਿਆ
ਜੇ ਮਿਲ ਜਾਵੇ ਜਰਖੇਜ਼ ਜ਼ਮੀਂ ,ਬੰਦ ਮੁੱਠੀ ਮੈਂ ਖੋਲਾਂ

ਉੱਘ ਜਾਵੇਂ ਪੌਦਾ ਪਿਆਰ ਦਾ, ਰੋਜ਼ ਪਾਣੀ ਮੈਂ ਦੇਵਾਂ
ਖਿੜ ਜਾਵੇ ਫ਼ੁੱਲ ਸੋਹਣਾ, ਬੋਲ ਪਿਆਰ ਦੇ ਬੋਲਾਂ

# ੭

# ਕਫ਼ਨ

ਜਨਮ ਤੋਂ ਪਹਿਲਾਂ ਵੀ ਮੈਂ  ਮਰਦੀ ਹਾਂ
ਦੁਨੀਆਂ ਵਿੱਚ ਆਕੇ ਵੀ ਦੁੱਖ ਜਰਦੀ ਹਾਂ
ਪੁੱਤ ਬਰਾਬਰ ਕਦੇ ਨਾ ਸਮਝਣ
ਚਾਹੇ ਪੁੱਤਾਂ ਤੋਂ ਵੱਧ ਕਰਦੀ ਹਾਂ
ਹਰਦਮ ਮਰਦੇ ਨੇ ਸੁਪਨੇ ਮੇਰੇ
ਕਫ਼ਨ ਨਿੱਤ ਨਵਾਂ ਤਿਆਰ ਮੈਂ ਕਰਦੀ ਹਾਂ

ਘਰੋਂ ਸਕੂਲੇਂ ,ਸਕੂਲੋਂ ਘਰ ਨੂੰ
ਆਉਣਾ ਜਾਣਾ ਵੀ ਬੜਾ ਔਖਾ ਆ
ਲਈ  ਹਵਸ ਜਿਸਮ ਦੀ ਨਜ਼ਰਾਂ ਵਿਚ ਫਿਰਦੇ
ਅੱਖ ਬਚਾਉਣਾ ਵੀ ਬੜਾ ਔਖਾ ਆ
ਦਿਲ ਦੇ ਬਸਤੇ ਡਰ ਮੈਂ ਪਾਕੇ
ਔਖੀ ਸੌਖੀ ਮੈਂ ਰਹਿੰਦੀ ਪੜਦੀ  ਆ
ਹਰਦਮ ਮਰਦੇ ਨੇ ਸੁਪਨੇ ਮੇਰੇ
ਕਫ਼ਨ ਨਿੱਤ ਨਵਾਂ ਤਿਆਰ ਮੈਂ ਕਰਦੀ ਹਾਂ ।

ਪੇਕੇ ਝਿੜਕਾਂ ਵੀਰਾ ਮਾਰੇ
ਸਹੁਰੇ ਸਿਰ ਦਾ ਸਾਈਂ
ਦੋਨੋਂ ਥਾਈਂ ਘੁੱਟੀ ਰਹਿੰਦੀ
ਦੱਸਾਂ ਤਾਂ ਕੀਹਦੇ ਤਾਈਂ
ਦੁੱਖਾਂ ਦਾ ਘਰ ਦਿਲ ਮੇਰਾ ਆ
ਤਾਹੀਂ ਤਿਲ ਤਿਲ ਮਰਦੀ ਆ
ਹਰ ਦਮ ਮਰਦੇ ਨੇ ਸੁਪਨੇ ਮੇਰੇ
ਕਫ਼ਨ ਨਿਤ ਨਵਾਂ ਤਿਆਰ ਮੈਂ ਕਰਦੀ ਹਾਂ ।
ਜੇਠ ਦੁਪਹਿਰੇ,ਪੋਹ ਦੀ ਠੰਡੇ
ਰਹਿੰਦੀ ਘਰ  ਸਵਾਰਦੀ ਆ
ਚੁੱਲ੍ਹੇ ਦੀ ਅੱਗ ਬਾਲਣ ਖਾਤਰ
ਦਿਲ ਅਪਣੇ ਨੂੰ ਸਾੜਦੀ ਹਾਂ
ਚੁੱਪ ਚੁਪੀਤੇ ਧੁੱਖਦੀ ਧੁੱਖਦੀ
ਭਵਸਾਗਰ ਤੋਂ  ਤਰਦੀ ਹਾਂ
ਹਰਦਮ ਮਰਦੇ ਨੇ ਸੁਪਨੇ ਮੇਰੇ
ਕਫ਼ਨ ਨਿੱਤ ਨਵਾਂ ਤਿਆਰ ਮੈਂ ਕਰਦੀ ਹਾਂ।

## ੧੦

# ਨਿੱਕੀ ਉਮਰ ਤੇ ਵੱਡੇ ਭਾਰ

ਨੰਨ੍ਹੀਆਂ ਚਿੜੀਆਂ ਦੀ ਚਾਂ-ਚਾਂ ਨਾਲ
ਦਿਲ ਮੇਰੇ ਚੋਂ ਕੋਈ ਗੁਲ ਹੈ ਖਿੜਦਾ
ਇਕ ਰਾਗ ਕੋਈ ਰੂਹਾਨੀ ਜਾਪੇ
ਹਰ ਵਿਹੜੇ ਜੋਂ ਕਦੇ ਨਾ ਛਿੜਦਾ

ਉਹ ਨੰਨ੍ਹੀਆਂ ਚਿੜੀਆਂ ਤਾਂ ਧੀਆਂ ਨੇ
ਜਿੰਨਾਂ ਨੂੰ ਮਿਲਦਾ ਲਾਡ ਤੇ ਨਾ ਪਿਆਰ
ਧੀਆਂ ਦੀ ਨਿੱਕੀ ਉਮਰ ਤੇ ਵੱਡੇ ਭਾਰ।

ਮੁੰਡਿਆਂ ਤੋਂ ਦਰਜਾ ਥੱਲੇ ਏ
ਹਰ ਇੱਕ ਤੇ ਬੋਝ ਉਹ ਲੱਗਦੀ ਐ
ਉਹ ਗੁੰਮ-ਸੁੰਮ ਘੁੱਟੀ ਰਹਿੰਦੀ ਐ
ਧੀ ਕੱਲੀ ਘਰ ਵਿੱਚ ਨਹੀਂ ਫੱਬਦੀ ਐ?
ਬੱਸ ਬਾਪ ਪੁੱਤਾਂ ਨਾਲ ਬਣੇ ਸਰਦਾਰ ?
ਧੀਆਂ ਦੀ ਨਿੱਕੀ ਉਮਰ ਤੇ ਵੱਡੇ ਭਾਰ

ਨਵਾਂ ਵਿਆਹਿਆ ਜੋੜਾ ਘਰ ਵਿੱਚ
ਮੁੰਡੇ ਦੀ ਕੰਧ ਤੇ ਫੋਟੋ ਜੜਦਾ ਐ
ਰੱਬਾ ਧੀ  ਤੋਂ ਕੀ ਵੱਡਾ ਪਾਪ ਹੋ ਗਿਆ ?
ਹਰ ਘਰ ਧੀ ਜੰਮਣ ਤੋ ਡਰਦਾ ਐ
ਇਸ ਘਿਨਾਉਣੀ ਖੇਡ ਦਾ ਲੇਖਾ ,
ਦੇਣਾ ਇਸ ਚੰਦਰੇ ਸੰਸਾਰ
ਧੀਆਂ ਦੀ ਨਿੱਕੀ ਉਮਰ ਤੇ ਵੱਡੇ ਭਾਰ।
ਧੀਆਂ ਨੂੰ ਕਿਉਂ ਲੋਕ ਮਾੜਾ ਸਮਝਣ
ਇਹ ਤਾਂ ਰੱਬ ਦੀ ਅਨਮੋਲ ਹੈ ਦਾਤ
ਧੀ  ਨਾ ਬੁਰਾ  ਕਦੇ  ਕਿਸੇ ਦਾ ਮੰਗਦੀ
ਇਹ ਭੋਲੀ ਜਿਹੀ ਏ ਜ਼ਾਤ
ਧੀ ਦਾ ਆਪਣਾ ਘਰ ਨਾ ਏਥੇ ਕੋਈ
ਫਿਰ ਰੱਬਾਂ ਜ਼ਨਮ ਕਿਉਂ ਦਿੱਤਾ,
ਵਿੱਚ ਇਸ ਚੰਦਰੇ ਸੰਸਾਰ
ਧੀਆਂ ਦੀ ਨਿੱਕੀ ਉਮਰ ਤੇ ਵੱਡੇ ਭਾਰ

ਇਸ ਹੈਵਾਨੀਅਤ ਦੀ ਨਗਰੀ ਵਿਚ
ਧੀ ਅੱਜ ਕਿਉਂ ਮਹਿਫ਼ੂਜ਼ ਨਹੀਂ
ਕਿਉਂ ਨਜ਼ਰਾਂ ਵਿਚ ਹਵਸ ਜਿਸਮ ਦੀ
ਆਪਣੀ ਧੀ-ਭੈਣ ਕੋਈ ਦੂਜ  ਨਹੀਂ
ਇਹਨਾਂ ਨਾਲ ਹੀ ਕਿਉਂ ਹੁੰਦਾ ਦੁਰਾਚਾਰ

# ਧੀਆਂ ਦੀ ਨਿੱਕੀ ਉਮਰ ਤੇ ਵੱਡੇ ਭਾਰ

'ਹਬੀਬ' ਧੀ ਤਾਂ ਬਾਬੇ ਨਾਨਕ ਦੀ ਵਡਿਆਈ ਹੈ
ਧੀ ਦੀ ਸਿਫਤ ਗੁਰਬਾਣੀ ਵਿੱਚ ਗਾਈ ਹੈ
ਜਿਸ ਨੂੰ ਬਖਸ਼ਿਆ ਖੁਦ ਕਰਤਾਰ
ਘਰ ਵਿਚ ਆਵੇ ਤਾਂ ਨਾਲ ਆਵੇ ਬਹਾਰ
ਪਰ ਅੱਜ ਧੀਆਂ ਦੀ ਨਿੱਕੀ ਉਮਰ ਦੇ ਵੱਡੇ ਭਾਰ
ਧੀਆਂ ਦੀ ਨਿੱਕੀ ਉਮਰ ਤੇ ਵੱਡੇ ਭਾਰ

# 11

# ਨਾਪਾਕ ਰਿਸ਼ਤੇ

ਪਹਿਲਾਂ ਰਿਸ਼ਤੇ ਆਬਾਂ ਵਾਂਗ ਪਵਿੱਤਰ ਸੀ
ਅੱਜ ਖੜੇ ਨਾਪਾਕ ਖੁਦਗਰਜ਼ੀ ਸੋਚਾਂ ਤੇ
ਨਾ ਸੱਸ ਹੋਵੇ ਕਦੇ ਮਾਂ,ਨਾ ਨੂਹ ਧੀ ਬਣਦੀ ਏ
ਪਿਓ ਪੁੱਤਾਂ ਵਿੱਚ ਵੀ ਹੁਣ ਹਿੱਕ ਤਣਦੀ ਏ
ਹੁਣ ਸਮਕਾਲੀ ਸੋਚਾਂ ਤੇ ਵੀ ਮੋਚਾਂ ਨੇ
ਪਹਿਲਾਂ ਰਿਸ਼ਤੇ ਆਬਾਂ ਵਾਂਗ ਪਵਿੱਤਰ ਸੀ
ਅੱਜ ਖੜੇ ਨਾਪਾਕ ਖੁਦਗਰਜ਼ੀ ਸੋਚਾਂ ਤੇ ।

ਕਰਨਾ ਵੱਡਿਆਂ ਦਾ ਆਦਰ ਵੀ ਹੁਣ ਭੁੱਲੇ ਨੇ
ਮੂੰਹ ਤੇ ਮਿੱਠੇ ਦਿਲ ਵਿਚ ਬਲਦੇ ਚੁੱਲ੍ਹੇ ਨੇ
ਵਿੱਚ ਲੋੜ ਦੇ ਟੇਕਣ ਇਹ ਤਾਂ ਮੱਥਾ ਏ
ਸਮੇਂ ਬੇਲੋੜੇ ਇਹ ਤਾਂ ਕਰਦੇ ਧੱਕਾ ਏ
ਨਮਕ ਛਿੜਕਣਾ  ਪੈਣਾ ਗੰਦੀਆਂ ਜੋਕਾਂ ਤੇ
ਪਹਿਲਾਂ ਰਿਸ਼ਤੇ ਆਬਾਂ ਵਾਂਗ ਪਵਿੱਤਰ ਸੀ
ਅੱਜ ਖੜੇ ਨਾਪਾਕ ਖੁਦਗਰਜ਼ੀ ਸੋਚਾਂ ਤੇ ।

ਸ਼ਾਗਿਰਦ ਗੁਰੂ ਦਾ ਨਾਤਾ ਵੀ ਹੁਣ ਲੱਭਦਾ ਨ੍ਹੀ
ਗੁਰੂ ਸੋਚਾਂ ਨੂੰ ਬਦਲਣ ਲਈ ਹੁਣ ਜੱਭਦਾ ਨ੍ਹੀ
ਇਹ ਰਿਸ਼ਤਾ ਤਾਂ ਰੱਬ ਦੇ ਨਾਂ ਵਾਂਗ ਪਵਿੱਤਰ ਸੀ
ਹੁਣ ਵਰਗਾ ਨਾ ਰਿਹਾ ਕਦੇ ਚਰਿੱਤਰ ਜੀ
'ਹਬੀਬ' ਇੰਨ੍ਹਾਂ ਨੂੰ ਕੋਈ ਫ਼ਰਕ ਨ੍ਹੀ ਪੈਂਦਾ
ਇਹ ਤਾਂ ਜ਼ਿੰਦੀਆਂ ਲੋਥਾਂ ਨੇ
ਪਹਿਲਾਂ ਰਿਸ਼ਤੇ ਆਬਾਂ ਵਾਂਗ ਪਵਿੱਤਰ ਸੀ
ਅੱਜ ਖੜ੍ਹੇ ਨਾਪਾਕ ਖ਼ੁਦਗਰਜ਼ੀ ਸੋਚਾਂ ਤੇ ।

ਪੈਸੇ ਬਿੰਨ੍ਹਾਂ ਵੀ ਰਿਸ਼ਤਾ ਕ੍ਹਾਦਾ ਰਿਸ਼ਤਾ ਐ
ਦੂਰ ਨੇੜੇ ਦਾ ਫ਼ਰਕ ਵੀ ਤਾਂ ਫਿਰ ਦਿਸਦਾ ਐ
ਭੈਣ ਭਾਈ ਦਾ ਰਿਸ਼ਤਾ ਵੀ ਟੁੱਟੀਆਂ ਤੰਦਾਂ ਨੇ
ਨਾ ਲੰਮਾ ਸਾਥ ਨਿਭਾਉਣਾ ਦਿੱਤੀਆਂ ਗੰਢਾਂ ਨੇ
ਇੱਦਾਂ ਹੀ ਖ਼ੂਨ ਰਿਸਣਾ ਪਈਆਂ ਖਰੋਚਾਂ ਤੇ
ਪਹਿਲਾਂ ਰਿਸ਼ਤੇ ਆਬਾਂ ਵਾਂਗ ਪਵਿੱਤਰ ਸੀ
ਅੱਜ ਖੜ੍ਹੇ ਨਾਪਾਕ ਖ਼ੁਦਗਰਜ਼ੀ ਸੋਚਾਂ ਤੇ ।



# 12

# ਪਹਾੜ ਜਿੱਡੀ ਕੁੜੀ

ਹਜ਼ਾਰਾਂ ਲੋਕ ਦੇਖੇ ਮੈਂ ਆਪਣੀ ਜ਼ਿੰਦਗੀ ਚੋਂ
ਤੇ ਨਾਲ ਸੈਂਕੜੇ ਮੇਰਾ ਵਾਹ ਪਿਆ
ਕੁਛ ਖਾਸ ਨਾ ਦਿੱਸਿਆ ਮੈਨੂੰ ਉਨ੍ਹਾਂ ਲੋਕਾਂ ਚੋਂ
ਤਾਂਹੀਂ ਮੈਂ ਅਪਣੇ ਰਾਹ ਪਿਆ
ਨਾ ਕਿਸੇ ਨੂੰ ਮੈਂ ਕਦੇ ਮਿਲਿਆ
ਨਾ ਕੋਈ ਮੇਰੀ ਤਾਰ ਜੁੜੀ  ਐ
ਹੁਣ ਰੋਜ਼ ਦੇਖਦਾ ਮੈ
ਉਹ ਇੱਕ ਪਹਾੜ ਜਿੱਡੀ ਕੁੜੀ  ਐ

ਸਾਰਾ  ਸਮਾਂ ਬੀਤ ਗਿਆ ਬਚਪਨ ਦਾ
ਹੁਣ ਜਵਾਨੀ ਵੀ ਨਿਕਲ ਰਹੀ ਐ
ਘੜੀ ਦੀ ਸੈਕਿੰਡ ਵਾਲੀ ਸੂਈ ਦੇ ਵਾਂਗੂੰ
ਭੱਜ ਭੱਜ ਕੇ ਫ਼ਿਸਲ ਰਹੀ ਐ
ਪਰ ਕਦੇ ਵੀ ਬਚਪਨ ਨੇ ਫੇਰਾ ਨਾ ਪਾਇਆ
ਕਦੇ ਜਵਾਨੀ ਨੇ ਵੀ ਦਰ ਨਾ ਖੜਕਾਇਆ
ਉਹਦੀ ਇੰਨ੍ਹੀਂ ਕਿਸਮਤ ਕਿਉਂ ਥੁੜੀ ਐ
ਹੁਣ ਰੋਜ਼ ਦੇਖਦਾ ਮੈਂ

ਉਹ ਇੱਕ ਪਹਾੜ ਜਿੱਡੀ ਕੁੜੀ ਐ

ਕਿਵੇਂ ਉਹ ਸਭ ਦਾ ਭਾਰ ਚੁੱਕੀ ਅਡੋਲ ਖੜੀ ਐ
ਬਾਹਰੋਂ ਸਭ ਲਈ ਉਹ ਮੰਦਿਰ ਵਰਗੀ ਐ
ਮੇਰਾ ਸੀਸ ਵੀ ਝੁੱਕਦਾ ਉਹਦੇ ਸ੍ਹਾਵੇਂ
ਪਰ ਅੰਦਰੋਂ ਉਹ ਇਕ ਗੁੰਮਨਾਮ ਮੜੀ ਐ
ਕਦੇ ਲੱਗਦੀ ਫੁੱਲ ਗੁਲਾਬ ਜਿਹੀ ਐ
ਜੋ ਮਹਿਕਾਂ ਵੰਡਣਾ ਕੰਮ ਸਮਝਦੀ
ਪਰ ਖੁਦ ਰਹਿੰਦੀ ਕੰਡਿਆਂ ਨਾਲ ਜੁੜੀ ਐ
ਮੈਂ ਰੋਜ਼ ਦੇਖਦਾ ਹਾਂ
ਉਹ ਇਕ ਪਹਾੜ ਜਿੱਡੀ ਕੁੜੀ ਐ

ਦੁੱਖਾਂ ਨਾਲ ਉਹ ਚਾਹੇਂ ਘਿਰੀ ਰਹੇ
ਫਿਰ ਵੀ ਉਹ ਸ਼ੁਕਰ ਮਨਾਉਂਦੀ ਐ
ਬਿੰਨ ਕਹੇ ਸਭ ਨਾਲ ਖੜੀ ਰਹੀ
ਅਹਿਸਾਨ ਫਿਰ ਵੀ ਨਾ ਕਦੇ ਜਤਾਉਂਦੀ ਐ
ਆਮ ਰੂਹ ਤੋਂ ਕੋਹਾਂ ਦੂਰ ਏ ਉਹ
ਜੋ ਹੋਈ ਐ ਤੇ ਨਾ ਜੋ ਕਦੇ ਸੁਣੀ ਐ
ਮੈਂ ਰੋਜ਼ ਦੇਖਦਾ ਹਾਂ
ਉਹ ਇਕ ਪਹਾੜ ਜਿੱਡੀ ਕੁੜੀ ਐ

ਸਭ ਕੁਝ ਆਪਣਾ ਕਿਵੇਂ ਲੁਟਾਕੇ ਵੀ
ਕਿਵੇਂ  ਹੱਸਦੀ ਫਿਰ ਉਹ ਰਹਿੰਦੀ ਐ
ਘਰ ਸਾਰਾ ਕਿਵੇਂ  ਚਲਾਉਂਦੀ ਐ
ਕਿਉਂ ਇਕ ਪਲ ਵੀ ਨਾ ਬਹਿੰਦੀ ਐ
ਇਉਂ ਲੱਗਦਾ ਮੈਨੂੰ ਕਦੇ ਕਦੇ
ਉਹ ਦੁਬਾਰਾ ਜਨਮੀ  ਕੋਈ ਸਿਆਣੀ ਬੁੜੀ ਐ
ਮੈਂ ਰੋਜ਼ ਦੇਖਦਾ ਹਾਂ
ਉਹ ਇਕ ਪਹਾੜ ਜਿੱਡੀ ਕੁੜੀ ਐ

ਇਹ ਧਰਤੀ ਹੇਠਲੇ ਬਲਦ ਜਿਹੀ
ਸਾਰਾ ਬੋਝ ਉਠਾਈ ਜਾਂਦੀ ਐ
ਨਾ ਦੇਵੇ ਕਸ਼ਟ ਕਿਸੇ ਨੂੰ ਵੀ
ਦੂਜਿਆਂ ਦੀ ਖੁਸ਼ੀ ਮਨਾਈ ਜਾਂਦੀ ਐ
ਕਿਵੇਂ ਰੱਖਦੀ ਧੁਰ ਨਾਲ ਤਾਰ ਜੁੜੀ ਐ
ਮੈਂ ਰੋਜ਼ ਦੇਖਦਾ ਹਾਂ
ਉਹ ਇਕ ਪਹਾੜ ਜਿੱਡੀ ਕੁੜੀ ਐ
ਕਿੰਨੇ ਦਿਲ ਦੇ ਰਾਜ਼ ਦਬਾਈ ਬੈਠੀ ਐ
ਉਹ ਦੁੱਖਾਂ ਦੀ ਵੀ ਮਿੱਤਰ ਜਿਹੀ
ਨਾ ਅਹਿਸਾਸ ਦਿਸੇ ਕਦੇ ਵੀ ਦੁੱਖ ਸੁੱਖ ਦਾ
ਕਦੇ ਲੱਗਦੀ ਮੋਨਾਲੀਜ਼ਾ ਦੇ ਚਿੱਤਰ ਜਿਹੀ
ਧਰਤੀ ਤੇ ਖਾਸ ਮਨੋਰਥ ਲਈ

ਜਿਵੇਂ ਲੱਖਾਂ ਲੋਕਾਂ ਚੋਂ ਹੋਵੇ ਇਕ ਚੁਣੀ ਐ

ਹੁਣ ਰੋਜ਼ ਦੇਖਦਾ  ਹਾਂ

ਉਹ ਇਕ ਪਹਾੜ ਜਿੱਡੀ ਕੁੜੀ ਐ

# 13

## ਰੂਹ ਦਾ ਤਰਲਾ

ਜ਼ਿੰਦਗੀ ਕਾਲੀ ਰਾਤ ਦੀਆਂ,
ਮੜੀਆਂ ਵਰਗੀ ਲੱਗਦੀ ਐ
ਜਿਸ ਵਿੱਚ ਦਫ਼ਨ ਹੋ ਗਏ ਹੋਣ
ਮੇਰੇ ਸਾਰੇ ਹਸੀਨ ਸੁਪਨੇ
ਤੇ ਮੇਰੀ ਜ਼ਖ਼ਮੀ ਰੂਹ
ਮੇਰੀ ਕਬਰ ਤੇ ਘੇਰਾ ਘੱਤਦੀ ਏ ।
ਜਿਵੇਂ ਫ਼ਿਰ ਉੱਠ ਖੜ ਜਾਣ ਲਈ
ਤਰਲੇ ਕਰ ਰਹੀ ਹੋਵੇ,
ਮਾਰ ਮਾਰ ਕੇ ਟੱਕਰਾਂ ਉਹ ਜਿਵੇਂ
ਤਲਬੂਤ ਦੇ ਕਿੱਲ ਕੱਢਦੀ ਐ ।

ਪਰ ਨ੍ਹੀ, ਹੁਣ ਨ੍ਹੀਂ ,ਕਦੇ ਵੀ ਨ੍ਹੀਂ
ਉੱਠ ਸਕਦੀ ਮੇਰੀ ਮਰ ਗਈ ਜ਼ਮੀਰ ।

# 14
# ਜ਼ਮੀਰ ਦਾ ਸਵਾਲ
# ਕਿਥੇ ਨੇ ਉਹ ਲੋਕ ?

ਕਿਥੇ ਰਹਿੰਦੇ ਨੇ ਉਹ ਲੋਕ ,
ਜੋ ਜਾਗਦੀ ਜ਼ਮੀਰ ਵਾਲੇ ਹੋਣ
ਜਾਣਦੇ ਜੋ ਹੋਣ ਸੱਚ ਲਈ ਲੜਨਾਂ
ਸੱਚੀ ਸੁੱਚੀ ਜੋ ਸ਼ਮਸ਼ੀਰ ਵਾਲੇ ਹੋਣ
ਜੋ ਬਦਲਣਾ ਜਾਣਦੇ ਹੋਣ ਭਵਿੱਖ ਅਪਣਾ
ਜੋ ਨਾ ਕਦੇ ਰੋਂਦੀ ਤਕਦੀਰ ਵਾਲੇ ਹੋਣ

ਮੌਤ ਦਾ ਵੀ ਡਰ ਨਾ ਹੋਣ ਜਾਣਦੇ
ਦੀਪ ਸਿੰਘ ਵਾਲੀ ਟੱਪੀ ਲਕੀਰ ਵਾਲੇ ਹੋਣ
ਪਹਾੜ ਜਿੱਡਾ ਹੋਵੇ ਜਿੰਨਾਂ ਦਾ ਜਿਗਰਾ
ਭਾਵੇਂ ਬਚਿੱਤਰ ਸਿੰਘ ਵਾਂਗ ਛੋਟੇ ਸਰੀਰ ਵਾਲੇ ਹੋਣ
ਇੱਕ ਮੰਗ ਉਤੇ ਹੋਣ ਦੇਸ਼ ਲਈ ਜੋ ਜਾਨ ਵਾਰਦੇ
ਨਾ ਬਹਾਨਿਆਂ ਚੋਂ ਕਰਨ ਤਖ਼ੀਰ ਵਾਲੇ ਹੋਣ
ਮੌਕਿਆਂ ਦੀ ਹੋਵੇ ਨਾ ਜੋ ਘਾਟ ਜਾਣਦੇ
ਕਰਦੇ ਜੋ ਸੋਹਣੀ ਤਦਬੀਰ ਵਾਲੇ ਹੋਣ
ਕਰਦੇ ਜੋ ਸੋਹਣੀ ਤਦਬੀਰ ਵਾਲੇ ਹੋਣ ?

ਖਚਰੀ ਜ਼ੁਬਾਨ ਵਿੱਚ ਗਈ ਤਾਹਨਾ ਮਾਰਕੇ
ਰੱਖ ਗਈ ਆਵਾਜ਼ ਉਹਦੀ ਹਿੱਕ ਪਾੜਕੇ
ਰੱਖ ਗਈ ਆਵਾਜ਼ ਉਹਦੀ ਹਿੱਕ ਪਾੜਕੇ ।

# 15
# ਸੱਚੇ ਰਾਹ

ਉਹ ਤੁਰਨਗੇ ਸੱਚਿਆਂ ਰਾਹਾਂ ਤੇ ਕਿਵੇਂ
ਉਸ ਬੇਜਾਨ ਵਿੱਚ ਜਾਨ ਪਾਵਾਂ ਕਿਵੇਂ

ਜਿੰਨ੍ਹਾ ਦੀ ਮਰ ਗਈ ਜ਼ਮੀਰ ਦਫ਼ਨ ਹੋ ਗਈ
ਜ਼ਿੰਦਾ ਕਰਕੇ ਮੈਂ ਉਸ ਨੂੰ ਉਠਾਵਾਂ ਕਿਵੇਂ ?

ਸੱਚ ਦੀ ਇਹ ਪੰਡ ਭਾਰੀ ਬਹੁਤ ਸੀ
ਲਾਹਕੇ ਦੱਬ ਦਿੱਤੀ ਏ ਡੂੰਘੇ ਟੋਏ ਚੋਂ

ਰਹੀ ਨਾ ਤਾਕਤ ਆਵਾਜ਼ ਉਠਾਉਣ ਦੀ
ਬੋਝ ਚੁੱਕ ਲੈਣ ਇਹ ਹੁਣ ਬਾਹਾਂ ਕਿਵੇਂ ?

ਮਰ ਗਿਆ ਏ ਸੱਚ, ਜਾਂ ਅਜੇ ਸਹਿਕਦਾ
ਧੜਕਣ ਵੀ ਤਾਂ ਇਸਦੀ ਰੁਕਦੀ ਜਾ ਰਹੀ
ਕੋਈ ਸਮਝ ਨਾ ਆਵੇ ਮੈਂ ਹੁਣ ਕੀ ਕਰਾਂ
ਠੀਕ ਕਰ ਕੇ ਮੈਂ ਸੱਚ ਨੂੰ ਉਠਾਵਾਂ ਕਿਵੇਂ ?

ਸੁਣਿਆ ਝੂਠ  ਤਗੜਾ ਬੜਾ ਹੋ ਗਿਆ
ਇੰਨੇ ਸੱਚੇ ਨੂੰ ਬਹੁਤ ਦਬਾਇਆ ਐ

ਸੱਚ ਲੁੱਕ ਛਿਪਕੇ ਬੈਠਾ ਹੈ ਆਪਣੇ ਘਰੇ
ਇਹੀ ਹਰ ਦਿਸ਼ਾ  ਚਰਚਾਵਾਂ ਕਿਵੇਂ ?

ਸੁਣਿਆ , ਬਹਿਣੀ ਉੱਠਣੀ ਏ ਵੱਡਿਆਂ ਦੇ ਨਾਲ
ਹਰ ਥਾਂ ਤੇ ਬਸ  ਇਸ ਦੀ ਚਲਦੀ ਏ

ਝੂਠ  ਦੀਆਂ ਪਹਿਲਾਂ ਹੀ  ਵੱਡੀਆਂ ਗੱਲਾਂ
ਹੋਣ ਹੋ ਗਈ ਹੋਰ ਹਵਾਵਾਂ ਕਿਵੇਂ ?

ਉਹ ਤੁਰਨਗੇ ਸੱਚਿਆਂ ਰਾਹਾਂ ਤੇ ਕਿਵੇਂ
ਜੋ ਮਰ ਗਈ ਜ਼ਮੀਰ ਦਫ਼ਨ ਹੋ ਗਈ

ਜ਼ਿੰਦਾ ਕਰਕੇ ਮੈਂ ਉਸ ਨੂੰ ਉਠਾਵਾਂ ਕਿਵੇਂ
ਉਹ ਤੁਰਨਗੇ  ਸੱਚਿਆ ਰਾਹਾਂ ਤੇ ਕਿਵੇਂ ?

## ੧੯

# ਧਰਤੀ ਮਾਂ

ਐ ਮੇਰੀ ਪਿਆਰੀ ਧਰਤੀ ਮਾਂ
ਸਭ ਤੋਂ ਉੱਚੀ ਤੇਰੀ ਥਾਂ
ਹਰ ਇੱਕ ਨੂੰ ਗੋਦ ਵਿਚ ਖਿਡਾਵੇ
ਬਹੁਮੁੱਲਾ ਤੂੰ ਪਿਆਰ ਜਿਤਾਵੇ
ਕਿਸੇ ਨਾਲ ਕੋਈ ਭੇਦ ਭਾਵ ਨਾ ਕਰਦੀ
ਇੱਕੋ ਜਿਹਾ ਸਭ ਨੂੰ ਪਿਆਰ ਤੂੰ ਕਰਦੀ

ਨਦੀਆਂ ਨਹਿਰਾਂ ਸ਼ੀਤਲ ਜਲ ਵੀ ਤੇਰੇ
ਜਿਨ੍ਹਾਂ ਤੋਂ ਤੂੰ ਇੰਨਾ ਦਰਦ ਵੀ ਸਹਿੰਦੀ
ਉਹ ਪੰਜਾਲੀ ਹਲ ਵੀ ਤੇਰੇ
ਉੱਚੇ ਪਰਬਤ ਜੋ ਹਿਮਾਂ ਲੱਦੇ
ਉਨ੍ਹਾਂ ਦਾ ਭਾਰ ਵੀ ਚੁੱਕਦੀ
ਫਿਰ ਵੀ ਤੂੰ ਰਹਿੰਦੀ ਕਿੱਦਾਂ ਹੱਸਦੀ?

ਬਨਸਪਤੀ , ਪੇੜ ਪੌਦੇ ਵੀ ਤੇਰੇ
ਕੁਦਰਤ ਦੇ ਬਹੁਮੁਲੇ ਗਹਿਣੇ
ਇੱਥੋਂ ਨੇ ਅਜੇ ਹੋਰ ਬਥੇਰੇ

ਜਿਉਂਦੇ ਜੀਅ ਪੈਰਾਂ ਹੇਠ ਤੂੰ ਰਹਿੰਦੀ
ਮੋਇਆਂ ਨੂੰ ਵਿਚ ਬੁੱਕਲ ਲੈਂਦੀ
ਤੇਰਾ ਕਿੰਨਾ ਵੱਡਾ ਜਿਗਰਾ
'ਹਬੀਬ' ਸੋਚ-ਸੋਚ ਪਵੇ ਵਿੱਚ ਚੱਕਰਾਂ

ਅੱਜ ਤੂੰ ਪਲੀਤ ,ਤੇਰਾ ਪਾਕ ਆਬ ਪਲੀਤ
ਤੇ ਆਪਣੇ ਲਈ ਅਸੀਂ ਕੱਟੇ ਰੁੱਖ
ਉਜਾੜਿਆ ਪਹਿਲਾਂ ਘਰ ਸੀ ਤੇਰਾ
ਹੁਣ ਉਜਾੜ ਰਹੇ ਆ ਤੇਰੀ ਕੁੱਖ
ਤੈਨੂੰ ਇਹ ਸਭ ਭੁੱਲ ਬੈਠੇ,
ਕਿਸੇ ਨੂੰ ਨਾ ਤੇਰਾ ਦੁੱਖ

ਤੇਰੀ ਹਿੱਕ ਵਿੱਚ ਬੇਗਿਣਤ ਛੇਕ ਅੱਜ ਕਰਤੇ
ਉਸ ਵਿਚ ਗੰਦੇ ਸੂਤਰ ਭਰਤੇ
ਹੁਣ ਲਾਲੀ ਨਹੀਂ ਦਿਸਦੀ ਤੇਰੇ ਮੁੱਖੜੇ
ਹੁਣ ਅਭੂਸ਼ਣ ,ਗਹਿਣੇ,ਵਸਤਰ ਤੇਰੇ ਹਰਕੇ
ਅੱਜ ਤੈਨੂੰ ਅੱਧ ਨੰਗੀ ਕਰਕੇ
ਬੇਸ਼ਰਮਾਂ ਵਾਂਗੂੰ ਦੇਖਣ ਖੜਕੇ

'ਹਬੀਬ' ਤੇਰਾ ਹੁਣ ਦੁੱਖ ਨ੍ਹੀ ਸਹਿੰਦਾ
ਸਭ ਨੂੰ ਬਸ ਕੁਝ ਗੱਲਾਂ ਕਹਿੰਦਾਂ

ਹੁਣ ਤਾਂ ਬੇਅਕਲੋ ਕੁਝ ਸਮਝੋ
ਮਾਂ ਦੀ ਪੱਤ ਰੱਖਣ ਲਈ
ਆਪਣੇ ਕੁਝ ਫਰਜ਼ਾਂ ਵਿੱਚ ਲੱਗਜੋ
ਪਾਕ ਨੀਰ, ਸਾਫ ਜ਼ਮੀਨ
,ਸੋਹਣੇ ਬਨਸਪਤੀ ਤੇ ਰੁੱਖ
ਜੇਕਰ ਇਹ ਗੱਲ ਸਮਝਣ ਸਾਰੇ
ਕੋਈ ਨਾ ਨੇੜੇ ਆਵੇ ਦੂੱਖ।

# 17

# ਅਰਜ਼ੋਈ

ਦਾਤਾ ਤੇਰੀ ਕੁਦਰਤ ਦਾ ਕੋਈ ਅੰਤ ਨਾ ਜਾਣੇ
ਕਰ ਪੈਦਾ ਤੂੰ ਆਪ ਹੀ ਮਾਰੇ, ਸਭ ਚਲਦਾ ਤੇਰੇ ਭਾਣੇ
ਵਿੱਚ ਅਸਟ੍ਰੇਲੀਆ ਤੇਰੇ ਕੀ ਵਰਤ ਰਹੇ ਵਰਤਾਰੇ ਨੇ
ਜੰਗਲ ਦੀ ਭੀਸ਼ਮ ਅੱਗ ਕਾਰਨ, ਲੱਖਾਂ ਜੀਵ ਜੰਤ ਗਏ ਮਾਰੇ ਨੇ

ਕਹਿੰਦੇ ਜੋ ਕਰਦਾ ਤੂੰ ਚੰਗਾ ਕਰਦਾ,ਇਸ ਵਿੱਚ ਤੇਰੀ ਕੀ ਰਜ਼ਾ?
ਜੋ ਭੋਲੇ ਭਾਲੇ ਤੇਰੇ ਜਾਨਵਰ ਮਰਗੇ, ਉਨ੍ਹਾਂ ਨੂੰ ਮਿਲੀ ਕਿਉਂ ਸਜ਼ਾ
?
ਜੋ ਚਾਹੁੰਦਾ ਤੂੰ ਉਹੀ ਕਰਦਾ,ਤੇਰੇ ਹੀ ਹੱਥ ਸਭ ਡੋਰਾ ਨੇ
ਜੋ ਤੇਰੇ ਇੱਕ ਹੁਕਮ ਨੇ ਕਰਨਾ,ਉਹ ਕਰਨਾ ਨਾ ਹੋਰਾਂ ਨੇ

ਹੁਣ ਤਾਂ ਬਸ ਕਰਦੇ, ਜੇ ਪੂਰੀ ਹੋਗੀ ਖੇਡ ਨਿਰਾਲੀ ਐ
ਕਰ ਕ੍ਰਿਪਾ ਅਪਣੀ ਰਚਨਾਂ ਤੇ,ਭੇਜ ਵਰਖਾ ਦਾ ਪਾਣੀ ਐ

ਤੇਰੀ ਕੀਤੀ ਤੂੰ ਹੀ ਜਾਣੇ, ਨ੍ਹੀ ਚੱਲਦਾ ਕੋਈ ਸਾਡਾ ਚਾਰਾ ਈ
ਰਹਿਮਤ ਤੇਰੀ ਹੋਜੇ ਦਾਤਾ , ਕੋਈ ਦੇਂਦੇ ਹੋਰ ਸਹਾਰਾ ਈ

"ਹਬੀਬ" ਨੂੰ ਕੋਈ ਹੋਰ ਆਸ ਨਾ ਦਿਸਦੀ,ਸਾਰੇ ਹੀ ਵਿੱਚ
ਫਿਕਰਾਂ ਨੇ
ਬਖ਼ਸ਼ ਲੈ ਹੁਣ ਜਾਨ ਉਨ੍ਹਾਂ ਦੀ,ਤੇਰੇ ਤੇ ਹੀ ਟਿਕੀਆਂ ਨਜ਼ਰਾਂ ਨੇ
ਬਸ ਤੇਰੇ ਤੇ ਹੀ ਟਿਕੀਆਂ ਨਜ਼ਰਾਂ ਨੇ

# ੧੮

# ਮੇਰਾ ਭਾਰਤ ਮਹਾਨ

ਇਹ ਹੈ ਮੇਰਾ ਭਾਰਤ ਮਹਾਨ
ਮਹਾਨ ਨੇ ਇੱਥੋਂ ਦੇ ਇਨਸਾਨ
ਪਰ
ਇਨਸਾਨੀਅਤ ਦੀ ਕੋਈ ਕਦ਼ਰ ਨਹੀਂ
ਆਬਰੂ ਦੀ ਕੋਈ ਫ਼ਿਕਰ ਨਹੀਂ
ਆਪੋ-ਆਪਣੀ ਜ਼ਿੰਦਗੀ ਦੇ ਜਸ਼ਨ ਵਿੱਚ ਸਾਰੇ ਗਲਤਾਨ
ਇਹ ਹੈ ਮੇਰਾ ਭਾਰਤ ਮਹਾਨ
ਮਹਾਨ ਨੇ ਇਥੋਂ ਦੇ ਇਨਸਾਨ

ਧੀਆਂ ਦੀ ਪੱਤ ਕੌਡੀ ਤੋਂ ਸਸਤੀ
ਹਵਸ ਪੁਜ਼ਾਰੀ ਰਹਿੰਦੇ ਵਿੱਚ ਮਸਤੀ
ਅੱਖ ਇੰਨ੍ਹਾਂ ਦੀ ਜਿਸਮਾਂ ਨੂੰ ਢੂੰਡੇਂ
ਮਨੁੱਖਤਾ ਨੂੰ ਇੰਨ੍ਹਾਂ ਲਾਇਆ ਖੂੰਝੇ
ਪਿੱਛੇ ਛੱਡਿਆ ਇੰਨ੍ਹਾਂ ਸ਼ੈਤਾਨ
ਇਹ ਹੈ ਮੇਰਾ ਭਾਰਤ ਮਹਾਨ
ਮਹਾਨ ਨੇ ਇਥੋਂ ਦੇ ਇਨਸਾਨ

ਮਜ਼ਦੂਰ ਮਜ਼ਦੂਰੀ ਦਾ ਬਾਦਸ਼ਾਹ ਹੈ
ਪਰ ਦਰਦ ਭਰੀ ਇੰਨ੍ਹਾਂ ਦੀ ਦਾਸਤਾਂਨ੍ ਹੈ
ਤਰੱਕੀ ਦੀ ਰਾਹ ਦੇਸ਼ ਨੂੰ ਇਹ ਖੜਦੇ ਨੇ
ਫ਼ਸਲ ਬੀਜਣ ਤੋਂ ਕੱਟਣ ਤਕ
ਹਰ ,ਸੀਜ਼ਣ ਕੰਮ ਕਰਦੇ ਨੇ
ਪਰ,ਭੁੱਖੇ ਤਾਂ ਫ਼ਿਰ ਇਹੀ ਮਰਦੇ ਨੇ
ਇਹ ਹੈ ਇਥੋਂ ਦਾ ਇਨਸਾਫ਼
ਇਹ ਹੈ ਮੇਰਾ ਭਾਰਤ ਮਹਾਨ
ਮਹਾਨ ਨੇ ਇਥੋਂ ਦੇ ਇਨਸਾਨ

ਦੁਨੀਆਂ ਦਾ ਇੱਥੇ ਹੀ ਸਭ ਤੋਂ ਵੱਡਾ ਸੰਵਿਧਾਨ
ਜਿਸਦਾ ਅਸੀਂ ਕਰਦੇ ਵੀ ਹਾਂ ਬੜਾ ਮਾਣ
ਪਰ,ਕਾਨੂੰਨ ਨਿਆਂ ਦਾ ਫਿਰ ਵੀ ਦਿਸਦਾ ਨ੍ਹੀ ਨਾਂ
ਝੂਠ ਫ਼ਰੇਬ ਦੀ ਦੁਨੀਆਂ ਵਿੱਚ ਸੱਚ ਨੂੰ ਨ੍ਹੀ ਕੋਈ ਥਾਂ
ਕੋਈ ਲੱਭਦਾ ਵੀ ਨ੍ਹੀ ਇਸਦਾ ਸਮਾਧਾਨ
ਇਹ ਹੈ ਮੇਰਾ ਭਾਰਤ ਮਹਾਨ
ਮਹਾਨ ਨੇ ਇਥੋਂ ਦੇ ਇਨਸਾਨ

ਪੱਤਰਕਾਰ ਮੀਡੀਆ, ਜੋ ਲੋਕਤੰਤਰ ਦਾ ਥੰਮ੍ਹ ਹੈ
ਅੱਜ ਲੋਕਤੰਤਰ ਦੀ ਹੀ ਅਰਥੀ ਤਿਆਰ ਕਰੀ ਬੈਠੀਂ ਨੇ
ਲੋਕਾਂ ਦਾ ਤੇ ਤੰਤਰ ਇੱਥੇ ਲੱਭਦਾ ਹੀ ਨ੍ਹੀ

ਬਸ ਤਾਨਾਸ਼ਾਹੀ ਸਰਕਾਰਾਂ ਦਾ ਅੱਜ ਪੱਲਾ ਫੜੀ ਬੈਠੀ ਨੇ
ਲੋਕਾਂ ਨੂੰ ਭੁਲਾਕੇ , ਜੱਪਦੇ ਨੇ ਬਸ ਮੋਦੀ ਦਾ ਹੀ ਨਾਮ
ਇਹ ਹੈ ਮੇਰਾ ਭਾਰਤ ਮਹਾਨ
ਮਹਾਨ ਨੇ ਇੱਥੋਂ ਦੇ ਇਨਸਾਨ

ਹਰ ਪਾਸੇ ਤਾਂ ਹੁਣ ਮਜ਼ਹਬ ਜਾਤ ਪਾਤ ਹੀ ਬਸ ਦਿਸਦਾ ਹੈ
ਪੁਰਾਣੇ ਜ਼ਖਮਾਂ ਵਿੱਚੋਂ ਖ਼ੂਨ ਪਿਆ ਫ਼ਿਰ ਰਿਸਦਾ ਹੈ
ਇੱਕੋ ਰੱਬ ਦੇ ਜਾ਼ਏ ਧਰਮਾਂ ਦੇ ਨਾਂ ਤੇ ਹੀ ਕਿਉਂ ਲੜਦੇ ਨੇ ?
ਜਾਨਵਰਾਂ ਦੀ ਮੌਤੇ ਕਿਉਂ ਜਾਂਦੇ ਮਰਦੇ ਨੇ ?
'ਹਬੀਬ' ਇਥੇ ਇਨਸਾਨੀਅਤ ਦੀ ਹੁਣ ਨਿਕਲ ਰਹੀ ਹੈ ਜਾਨ
ਇਹ ਹੈ ਮੇਰਾ ਭਾਰਤ ਮਹਾਨ
ਮਹਾਨ ਨੇ ਇੱਥੋਂ ਦੇ ਇਨਸਾਨ
ਪਰ
ਇਨਸਾਨੀਅਤ ਦੀ ਕੋਈ ਕਦ਼ਰ ਨ੍ਹੀ
ਆਬਰੂ ਦੀ ਕੋਈ ਫ਼ਿਕਰ ਨ੍ਹੀ
ਆਪੋ ਆਪਣੀ ਜ਼ਿੰਦਗੀ ਦੇ ਜਸ਼ਨ ਵਿੱਚ ਸਾਰੇ ਗ਼ਲਤਾਨ
ਇਹ ਹੈ ਮੇਰਾ ਭਾਰਤ ਮਹਾਨ
ਮਹਾਨ ਨੇ ਇੱਥੋਂ ਦੇ ਇਨਸਾਨ



## ੧੭

# ਕਿੱਥੇ ਜਾਕੇ ਬੈਠਾ ਮੌਲਾ ?

ਕਿਥੇ ਜਾਕੇ ਬੈਠਾ ਮੌਲਾ ,ਬੈਠਾ ਕਿਥੇ ਕਰਤਾਰ ਤੂੰ ?
ਮਾਰਦਾ ਕਿਉਂ ਨ੍ਹੀ ਦਾਤਾ, ਇਹ ਕਰੋਨਾ ਵਾਲੀ ਮਾਰ ਤੂੰ ?

ਭੁੱਖੇ- ਭਾਣੇ ਮਰਦੇ ਨੇ ਲੋਕ ਤੇਰੇ ਭਾਣੇ ਵਿੱਚ
ਬੈਠੇ ਨਜ਼ਰਾਂ ਟਿਕਾਈ ਤੇਰੇ ਇਕ-ਇਕ ਦਾਣੇ ਵਿੱਚ

ਫਿਰ ਵੀ ਇਨ੍ਹਾਂ ਦੀ ਕਿਉ, ਲੈਦਾਂ ਨਹੀ ਸਾਰ ਤੂੰ
ਕਿਥੇ ਜਾਕੇ ਬੈਠਾ ਮੌਲਾ, ਬੈਠਾ ਕਿਥੇ ਕਰਤਾਰ ਤੂੰ ?
ਮਾਰਦਾ ਕਿਉਂ ਨਹੀਂ ਦਾਤਾ ਇਹ ਕਰੋਨਾ ਵਾਲੀ ਮਾਰ ਤੂੰ ?

ਹੁਣ ਘਰ ਵਿੱਚ ਕੈਦ ਲੋਕ, ਜਿਉਂ ਪਹਿਲਾਂ ਜੀਵ ਜੰਤ ਸੀ
ਕਰਦਾ ਤੂੰ ਕੀ ,ਸੋਚਦਾ ਤੂੰ ਕੀ ,ਪਾਇਆ ਕਿਸੇ ਨੇ ਵੀ ਅੰਤ ਨ੍ਹੀ

ਪਹਿਲਾਂ ਜੋ ਕਰਦੇ ਸੀ ਮਜਾਕ , ਤੈਨੂੰ ਉੱਚੀ ਹੱਸ-ਹੱਸ ਕੇ
ਅੱਜ ਤੂੰ ਵੀ ਕਰਦਾ ਮਖੌਲ ਇੰਨਾ ਨੂੰ ਦੱਸ ਦੱਸ ਕੇ

ਹੁਣ ਦੇਖ-ਦੇਖ ਹੱਸਦਾ ਸਾਇੰਸ ਦੀ ਵੀ ਹੁੰਦੀ ਹਾਰ ਤੂੰ
ਕਿਥੇ ਜਾਕੇ ਬੈਠਾ ਮੌਲਾ ਬੈਠਾ ਕਿਥੇ ਕਰਤਾਰ

ਮਾਰਦਾ ਕਿਉਂ ਨਹੀਂ ਦਾਤਾ ਇਹ ਕਰੋਨਾ ਵਾਲੀ ਮਾਰ ਤੂੰ ?
ਮਾਰਦਾ ਕਿਉਂ ਨਹੀਂ ਦਾਤਾ ਇਹ ਕਰੋਨਾ ਵਾਲੀ ਮਾਰ ਤੂੰ?
ਲੱਭਦਾ ਨ੍ਹੀ ਹੱਲ ਕੋਈ ਇਸ ਕਰੋਨਾ ਲਈ
ਤੁਹਾਡੇ ਤੇ ਹੀ ਆਸ ਹੁਣ, ਕੁਝ ਤਾਂ ਕਰੋ ਨਾ ਜੀ

ਪੂਰਾ ਸੰਸਾਰ ਲੱਗਾ ਬਸ ਇਸੇ ਹੀ ਯਤਨ ਵਿੱਚ
ਰੋਜ਼ ਹੀ ਫਲਾਈਟਾਂ ਆਉਣ ਅਪਣੇ ਵਤਨ ਵਿੱਚ

ਘਰੋਂ ਬਾਹਰ ਨ੍ਹੀ ਜਾਣਾ,ਬਸ ਥਾਲੀਆਂ ਵਜਾਓ
ਨਾ ਕੋਈ ਰੋਟੀ ਦੀ ਫ਼ਿਕਰ,ਇੱਥੇ ਸਾਡੀ ਸਰਕਾਰ ਨੂੰ

ਕਿੱਥੇ ਜਾਕੇ ਬੈਠਾ ਮੌਲਾ, ਬੈਠਾ ਕਿੱਥੇ ਕਰਤਾਰ ਤੂੰ ?
ਮਾਰਦਾ ਕਿਉ ਨ੍ਹੀ ਦਾਤਾ,ਇਹ ਕਰੋਨਾ ਵਾਲੀ ਮਾਰ ਤੂੰ ?

ਹੁਣ ਘਰ ਵਿੱਚ ਬੈਠਾ ਭਾਵੇਂ,ਇਕ ਪੂਰਾ ਪਰਿਵਾਰ ਏ
ਫਿਰ ਵੀ ਅੱਜ ਕੋਲ ਕੋਲ ਬਹਿਣ ਤੋਂ ਡਰੇ

ਸੋਚ ਸੋਚ ਤੇ ਕਰ ਯਾਦ ,ਇਸ ਭੈੜੀ ਬਿਮਾਰੀ ਨੂੰ
ਪਲ ਪਲ ਘੜੀ ਘੜੀ ਤਿਲ ਤਿਲ ਓਹ ਮਰ

ਘਰ ਵਿਚ ਰਹਿਕੇ ਵੀ ਪੈ ਗਈਆਂ ਦੂਰੀਆਂ
'ਹਬੀਬ' ਕਰੇ ਅਰਦਾਸ ਨਾਲ ਇਕ ਇਕ ਦੇ ਸਵਾਸ

ਹੁਣ ਕਰਦੇ ਸਿਹਤਮੰਦ ,ਇਹ ਦੁਨਿਆਵੀ ਪਰਿਵਾਰ ਤੂੰ
ਕਿੱਥੇ ਜਾਕੇ ਬੈਠਾ ਮੌਲਾ ਬੈਠਾ ਕਿੱਥੇ ਕਰਤਾਰ ਤੂੰ ?
ਮਾਰਦਾ ਕਿਉ ਨ੍ਹੀ ਇਹ ਕਰੋਨਾ ਵਾਲੀ ਮਾਰ ਤੂੰ?
ਕਿੱਥੇ ਜਾਕੇ ਬੈਠਾ ਮੌਲਾ ਬੈਠਾ ਕਿੱਥੇ ਕਰਤਾਰ ਤੂੰ ?
ਮਾਰਦਾ ਕਿਉ ਨ੍ਹੀ ਇਹ ਕਰੋਨਾ ਵਾਲੀ ਮਾਰ ਤੂੰ ?



# ੨੦

# ਰੱਬ ਨੂੰ ਗਾਲ

ਸੋਹਣੀਆਂ ਸ਼ਕਲਾਂ ਸੂਰਤਾਂ ਕਈ ਹਜ਼ਾਰ ਇਥੇ
ਰੋਗੀ ਰੂਹਾਂ ਨੇ ਵੀ , ਬੇਸ਼ੁਮਾਰ ਇਥੇ

ਤੇ ਵੱਖੋ-ਵੱਖ ਰੱਖਦੇ ਨੇ ਚਾਲ ਢਾਲ ਲੋਕੀਂ
ਤੂੰ ਐਵੇਂ ਕਰਿਆ ਨਾ ਕਰ ਗੁੱਸਾ

ਕਿਸੇ ਦੀ ਰੁੱਖੀ ਬੋਲੀ ਦਾ
ਇਥੇ ਰੱਬ ਨੂੰ ਵੀ ਕੱਢਣ ਗਾਲ ਲੋਕੀਂ ।

ਕੁਦਰਤ ਦੇ ਕੁਦਰਤੀ ਢੰਗ ਨੂੰ ਵੀ
ਨੀਲੇ ਅਸਮਾਨ ਦੇ ਨੀਲੇ ਰੰਗ ਨੂੰ ਵੀ

ਬਦਲਣਾ ਚਾਹੁੰਦੇ ਨੇ ,ਚਲ ਕੇ ਚਾਲ ਲੋਕੀਂ
ਤੂੰ ਐਵੇਂ ਕਰਿਆ ਨਾ ਕਰ ਗੁੱਸਾ

ਕਿਸੇ ਦੀ ਰੁੱਖੀ ਬੋਲੀ ਦਾ
ਇੱਥੇ ਰੱਬ ਨੂੰ ਵੀ ਕੱਢਣ ਗਾਲ ਲੋਕੀਂ ।

ਮੰਦਿਰ,ਮਸਜਿਦ, ਤੇ ਵਿੱਚ ਗੁਰਦੁਆਰੇ
ਦਿਨ ਰਾਤ ਕਰਨ ਅਰਦਾਸਾਂ ਵਿੱਚ ਮਜਾਰੇ
ਪਰ
ਕਦੇ ਰੱਬ ਦਾ ਨਾ ਪੁੱਛਣ ਹਾਲ ਲੋਕੀਂ
ਤੂੰ ਐਵੇਂ ਕਰਿਆ ਨਾ ਕਰ ਗੁੱਸਾ

ਕਿਸੇ ਦੀ ਰੁੱਖੀ ਬੋਲੀ ਦਾ
ਇਥੇ ਰੱਬ ਨੂੰ ਵੀ ਕੱਢਣ ਗਾਲ ਲੋਕੀਂ ।

ਜ਼ਿਆਦਾ ਠੰਡ - ਗਰਮੀ ਜਾਂ ਹੋਵੇ ਵਰਖਾ
ਸਾਰਾ ਸਾਲ ਰਹਿੰਦੀ ਬਸ ਇਹੀ ਚਰਚਾ

ਰੁਕੇ ਕੰਮ ਲਈ ਕੋਸਦੇ ਰੱਬ ਨੂੰ ਜੀ
ਕਰੀ ਜਾਂਦੇ ਨੇ ਇਥੇ ਕਮਾਲ ਲੋਕੀਂ

ਤੂੰ ਐਵੇਂ ਕਰਿਆ ਨਾ ਕਰ ਗੁੱਸਾ
ਕਿਸੇ ਦੀ ਰੁੱਖੀ ਬੋਲੀ ਦਾ
ਇੱਥੇ ਰੱਬ ਨੂੰ ਵੀ ਕੱਢਣ ਗਾਲ ਲੋਕੀਂ ।

ਕਿਸ ਕੋਲੋਂ ਆਏ , ਕਿਸ ਕੋਲ ਜਾਣਾ
ਨਾ ਕੋਈ ਜਾਣੇ , ਕੀ ਹੁੰਦਾ ਭਾਣਾ

ਰਸਤਾ ਖੜਾ ਆ ਸਾਡਾ ਕਾਲ ਰੋਕੀ
ਤੂੰ ਐਵੇਂ ਕਰਿਆ ਨਾ ਕਰ ਗੁੱਸਾ

ਕਿਸੇ ਦੀ ਰੁੱਖੀ ਬੋਲੀ ਦਾ
ਇੱਥੇ ਰੱਬ ਨੂੰ ਵੀ ਕੱਢਣ ਗਾਲ ਲੋਕੀਂ ।

ਸਬਰ ਸੰਤੋਖ , ਤੇ ਕਰਮ ਧਰਮ
ਸਭ ਭੁੱਲ ਬੈਠੇ ,ਹਿਆ ਸ਼ਰਮ

ਵਿਕਾਰ ਪੰਜਾਂ ਦੇ ਰਹਿੰਦੇ ਨੇ ਨਾਲ ਲੋਕੀਂ
ਤੂੰ ਐਵੇਂ ਕਰਿਆ ਨਾ ਕਰ ਗੁੱਸਾ

ਕਿਸੇ ਦੀ ਰੁੱਖੀ ਬੋਲੀ ਦਾ
ਇੱਥੇ ਰੱਬ ਨੂੰ ਕੱਢਣ ਗਾਲ ਲੋਕੀਂ ।

ਸਾਨੂੰ ਛੇਤੀ ਮਿਲਜੇ ਕੋਠੀ ਕਾਰ ਬੰਗਲਾ
ਸੌਣ ਨੂੰ ਹੋਵੇ ਇੱਕ ਪਲੰਗ। ਰੰਗਲਾ

ਅਪਣੇ ਹੱਥੀਂ ਬੁੰਨਦੇ ਨੇ ਮਾਇਆ ਜਾਲ ਲੋਕੀਂ
ਤੂੰ ਐਵੇਂ ਕਰਿਆ ਨਾ ਕਰ ਗੁੱਸਾ
ਕਿਸੇ ਦੀ ਰੁੱਖੀ ਬੋਲੀ ਦਾ
ਇੱਥੇ ਰੱਬ ਨੂੰ ਵੀ ਕੱਢਣ ਗਾਲ ਲੋਕੀਂ ।

# 21

# ਧਰਮ ਦੀ ਰਾਖੀ

ਹੁਣ ਖ਼ਤਰੇ ਦੇ ਵਿੱਚ ਧਰਮ ਰਹਿੰਦੇ ਨੇ
ਪਲਦੇ ਇਹੀਂ ਭਰਮ ਰਹਿੰਦੇ ਨੇ
ਕੁਝ ਲੋਕਾਂ ਬਿੰਨ ਨਾ ਹੋਂਦ ਧਰਮ ਦੀ
ਤਾਂਹੀਂ ਰਾਖੀ ਇਹ ਬਹਿੰਦੇ ਨੇ

ਧਰਮ ਧਰਮ ਇਹ ਕਰਦੇ ਰਹਿੰਦੇ ਨੇ
ਆਪਸ ਦੇ ਵਿੱਚ ਲੜਦੇ ਰਹਿੰਦੇ ਨੇ
ਖੁਦ ਸਿੱਖਿਆ ਤੇ ਭੋਰਾ ਨ੍ਹੀ ਚਲਦੇ
ਬਸ ਘਾਟੇ ਸ਼ਰਮਾਂ ਦੇ ਰਹਿੰਦੇ ਨੇ
ਜੋ ਦਿੰਦਾ ਏ ਚੰਦਾ ਜ਼ਿਆਦਾ
ਉਹਦੇ ਹੀ ਪੈਰ ਫੜ ਲੈਂਦੇ ਨੇ
ਕੁਝ ਲੋਕਾਂ ਬਿੰਨ ਨਾ ਹੋਂਦ ਧਰਮ ਦੀ
ਤਾਂਹੀਂ ਰਾਖੀ ਇਹ ਬਹਿੰਦੇ ਨੇ

ਏਕ ਨੂਰ ਤੇ ਸਭ ਜਗ ਉਪਜਿਆ
ਜੋ ਆਪਾਂ ਨਾ ਕਦੇ ਸਮਝਿਆ
ਗੁਰੂਆਂ ਨੇ ਦਿੱਤੀ ਜੋ ਸਿਖਿਆ

ਰਮਝਾਂ ਨੂੰ ਨਾ ਕਦੇ ਰਮਝਿਆਂ
ਊਚ-ਨੀਚ ਤੇ ਜਾਤ ਪਾਤ ਦੇ
ਧੜੇ ਬਣੇ ਇਥੇ ਰਹਿੰਦੇ ਨੇ
ਕੁਝ ਲੋਕਾਂ ਬਿੰਨ ਨਾ ਹੋਂਦ ਧਰਮ ਦੀ
ਤਾਂਹੀਂ ਰਾਖੀ ਇਹ ਬਹਿੰਦੇ ਨੇ

ਕਰਤੂਤ ਪਸ਼ੂ ਤੇ ਮਾਨਸ ਜਾਤ ਬਣੀ
ਵਿਕਾਰਾਂ ਨੇ ਵੀ ਆਕੇ ਹਿੱਕ ਤਣੀ
ਜਿੰਨਾਂ ਤੋਂ ਸਾਨੂੰ ਦੂਰ ਸੀ ਕੀਤਾ
ਵਹਿਮਾਂ ਭਰਮਾਂ ਦੀ ਫਿਰ ਅੱਗ ਬਲੀ
ਇਹਨਾਂ ਨੂੰ ਨਾ ਕੁਝ ਕਹਿਣ ਦੀ ਹਿੰਮਤ
ਛੇਤੀ ਗੋਡਿਆ ਥੱਲੇ ਕਰ ਲੈਂਦੇ ਨੇ
ਕੁਝ ਲੋਕਾਂ ਬਿੰਨ ਨਾ ਹੋਂਦ ਧਰਮ ਦੀ
ਤਾਂਹੀਂ ਰਾਖੀ ਇਹ ਬਹਿੰਦੇ ਨੇ

ਜੀਵ ਹੱਤਿਆ ਤੇ ਪਾਪ ਪੁੰਨ
ਬਣ ਧਰਮੀਂ ਰਹੇ ਕਈ ਤਾਣੇ ਬੁੰਨ
ਪੰਜ ਵਿਕਾਰ ਇਹ ਕਦੇ ਨਾ ਛੱਡਦੇ
ਇਹੀਂ ਇਨ੍ਹਾਂ ਦਾ ਵੱਡਾ ਗੁਣ
ਖਾਣ ਪੀਣ ਦੇ ਬਹੁਤੇ ਸ਼ੌਂਕੀ
ਦਰਬਾਰ ਵਿੱਚ ਹੀ ਮੀਟ ਧਰ ਲੈਂਦੇ ਨੇ

ਕੁਝ ਲੋਕਾਂ ਬਿੰਨ ਨਾ ਹੋਂਦ ਧਰਮ ਦੀ
ਤਾਂਹੀਂ ਰਾਖੀ ਇਹ ਬਹਿੰਦੇ ਨੇ

ਪਹਿਰਾਵਾ ਹੁੰਦਾ ਖਾਸ ਇੰਨ੍ਹਾਂ ਦਾ
ਮੋਟਾ ਹੁੰਦਾ ਮਾਸ ਇੰਨ੍ਹਾਂ ਦਾ
ਦਾਨ ਚੜ੍ਹਾਵੇ ਗੋਲਕ ਸਾਰੇ ਖਾਂਦੇ
ਇਹੀਂ ਐ ਕੰਮ ਖਾਸ ਇੰਨ੍ਹਾਂ ਦਾ
ਜੋ ਜਗਦੀ ਹੈ ਜੋਤ ਗੁਰੂ ਘਰ
ਘਿਓ ਵੀ ਦੇਸੀ ਕੱਢ ਲੈਂਦੇ ਨੇ
ਕੁਝ ਲੋਕਾਂ ਬਿੰਨ ਨਾ ਹੋਂਦ ਧਰਮ ਦੀ
ਤਾਂਹੀ ਰਾਖੀ ਇਹ ਬਹਿੰਦੇ ਨੇ

ਮਾੜੇ ਮ੍ਹਾਤੜ ਰੱਬ ਦੇ ਘਰ ਵਿੱਚ
ਜਾਂਦੇ ਨੇ ਪਰ ਜਾਂਦੇ ਡਰ ਵਿੱਚ
ਲੀੜੇ ਕੱਪੜੇ ਸਭ ਨੇ ਵੇਂਹਦੇ
ਏਕ ਨੂਰ ਨਾ ਵੇਖਣ ਨਰ ਵਿੱਚ
ਨਾਨਕ ਦੇ ਨਿਯਮ ਸਿਧਾਂਤਾਂ ਨੂੰ
ਜੇ ਯਾਦ ਕਦੇ ਕਰ ਲੈਂਦੇ ਨੇ
ਫਿਰ ਧਰਮ ਨੂੰ ਖਤਰਾ ਕਦੇ ਨ੍ਹੀ ਹੁੰਦਾ
ਫਿਰ ਰਾਖੀ ਨਾ ਕਦੇ ਬਹਿੰਦੇ ਨੇ
ਫਿਰ ਰਾਖੀ ਨਾ ਕਦੇ ਬਹਿੰਦੇ ਨੇ

# 22

# ਕਰੋਨਾ ਕਦੋਂ ਮਗਰੋਂ ਲਊ

ਓਏ ਰੱਬਾ ਮੇਰਿਆ ਕਰੋਨਾ ਕਦੋਂ ਮਗਰੋਂ ਲਊ
ਦੋ ਸਾਲ ਦਾ ਜੋ ਪਿਆ ਗੰਦ ਕਿਵੇਂ ਸਾਫ਼ ਹਊ
ਸਕੂਲਾਂ ਕਾਲਜਾਂ ਦੇ ਵਿੱਚ ਕਿਉਂ ਜਾਵੇ ਭੱਜ ਕੇ
ਕਦੋਂ ਲੀਡਰਾਂ ਦੇ ਘਰ ਜਾਕੇ ਇਹ ਬਊ
ਓਏ ਰੱਬਾ ਮੇਰਿਆ ਦਿਓ ਤਾਂ ਹੁਣ ਛੇਤੀ ਦੱਸ ਜੀ ?

ਇਹ ਰੈਲੀਆਂ ਇਕੱਠਾਂ ਵਿੱਚ ਜਾਂਦਾ ਕਿਉਂ ਨ੍ਹੀ
ਵੱਡਿਆਂ ਧਨਾੜਾਂ ਨੂੰ ਵੀ ਖਾਂਦਾ ਕਿਉਂ ਨ੍ਹੀ
ਮਾੜਿਆ ਘਰਾਂ ਚੋਂ ਜਾਕੇ ਤੰਗ ਕਿਉਂ ਕਰੇ
ਇਹ ਉਚਿਆਂ ਮਹਿਲਾਂ ਨੂੰ ਥੱਲੇ ਲਾਉਂਦਾ ਕਿਉਂ ਨ੍ਹੀ
ਓਏ ਰੱਬਾ ਮੇਰਿਆ ਹੁਣ ਤਾਂ ਲਓੁ ਕਮ੍ਰਕੱਸ ਜੀ

ਕਦੋਂ ਤੱਕ ਚੱਲੂ ਇਹ ਡਰਾਮਾ, ਚੰਦਰੀ ਬੀਮਾਰੀ ਦਾ
ਛੇਤੀ ਕਰਿਓ ਇਲਾਜ਼, ਇਸ ਚੋਟ ਕਰਾਰੀ ਦਾ
'ਹਬੀਬ' ਕਰੇ ਅਰਦਾਸ, ਇਕ ਮਨ ਇਕ ਚਿੱਤ ਕਰਕੇ
ਕੀ ਹੋਵੇਗਾ ਇਹ ਹੱਲ , ਭੈੜੀ ਬੇਰੁਜ਼ਗਾਰੀ ਦਾ

ਦਾਤਾ ਹੁਣ ਤਾਂ ਕਰੋ ਜੀ ਥੋੜੀ ਭੱਜ ਨੱਸ ਜੀ
ਦਾਤਾ ਹੁਣ ਤਾਂ ਕਰੋ ਜੀ ਥੋੜੀ ਭੱਜ ਨੱਸ ਜੀ

# 23

## ਸੁਪਨਿਆਂ ਦੇ ਬੀਜ਼

ਤੇਰੇ ਸੁਪਨਿਆ ਦੇ ਬੀਜਾਂ ਨੂੰ ,ਬੰਦ ਮੁੱਠੀ ਵਿੱਚ ਰੱਖਿਆ
ਜੇ ਮਿਲ ਜਾਵੇ ਜਰਖੇਜ਼ ਜ਼ਮੀਂ ,ਬੰਦ ਮੁੱਠੀ ਮੈਂ ਖੋਲਾਂ

ਉੱਘ ਜਾਵੇਂ ਪੌਦਾ ਪਿਆਰ ਦਾ, ਰੋਜ਼ ਪਾਣੀ ਮੈਂ ਦੇਵਾਂ
ਖਿੜ ਜਾਵੇ ਫ਼ੁੱਲ ਸੋਹਣਾ, ਬੋਲ ਪਿਆਰ ਦੇ ਬੋਲਾਂ

ਲੱਭਣ ਤੁਰ ਪਿਆ ਰਸਤਾ, ਬਹਾਰਾਂ ਜਿੰਨ੍ਹਾਂ ਰਾਹੀਂ ਏ ਆਉਣਾ
ਗਲੀਚਾ  ਮੈਂ ਨਜ਼ਰਾਂ ਦਾ ,ਪੈਰਾਂ ਵਿੱਚ ਜਾਕੇ ਮੈਂ ਵਿਛਾਉਣਾ

ਲੈਕੇ ਕਹੀ ਬੇਸਬਰੀ ਦੀ, ਥਾਂ ਥਾਂ ਜਾਕੇ ਮੈਂ ਫੋਲਾਂ
ਕੋਈ ਖਿੜ ਜਾਵੇ ਫ਼ੁੱਲ ਸੋਹਣਾ,ਬੋਲ ਪਿਆਰ ਦੇ ਬੋਲਾਂ

ਦੇਕੇ ਪੌਣਾਂ ਨੂੰ ਸੁਨੇਹਾ ਮੈਂ, ਬੱਦਲਾਂ ਨੂੰ ਬੁਲਾਵਾਂਗਾ
ਕਿਣਮਿਣ ਪੈਣੀਆਂ ਕਣੀਆਂ, ਸੱਧਰਾਂ ਨੂੰ ਜਗਾਵਾਂਗਾਂ

ਸ਼ਰਬਤ ਤਿਆਰ ਮੈਂ ਕਰਨਾ,ਹਰ ਇਕ ਸਾਹ ਨੂੰ ਮੈਂ ਘੋਲਾਂ
ਕੋਈ ਖਿੜ ਜਾਵੇ ਫੁੱਲ ਸੋਹਣਾ,ਬੋਲ ਪਿਆਰ ਦੇ ਬੋਲਾਂ

ਸਾਰੇ ਪੰਛੀਆਂ ਦੇ ਸੁਰ ,ਰੂਹਾਨੀ ਸਾਜ਼ ਬਣ ਜਾਵਣ
ਭੰਵਰੇ ਤਿੱਤਲੀਆਂ ਨੱਚਣ,ਮੋਰ ਗਾਉਣ ਲੱਗ ਜਾਵਣ

ਸਭ ਕੁਝ ਕ਼ੈਦ ਹੋ ਜਾਵੇ,ਐਸਾ ਮੈਂ ਪਿੰਜਰਾਂ ਟੋਲਾਂ
ਕੋਈ ਖਿੜ ਜਾਵੇ ਫੁੱਲ ਸੋਹਣਾ, ਬੋਲ ਪਿਆਰ ਦੇ ਬੋਲਾਂ

ਤੇਰੇ ਸੁਪਨਿਆ ਦੇ ਬੀਜਾਂ ਨੂੰ ,ਬੰਦ ਮੁੱਠੀ ਵਿੱਚ ਰੱਖਿਆ
ਜੇ ਮਿਲ ਜਾਵੇ ਜਰਖੇਜ਼ ਜ਼ਮੀਂ ,ਬੰਦ ਮੁੱਠੀ ਮੈਂ ਖੋਲਾਂ

ਉੱਘ ਜਾਵੇਂ ਪੌਦਾ ਪਿਆਰ ਦਾ, ਰੋਜ਼ ਪਾਣੀ ਮੈਂ ਦੇਵਾਂ
ਖਿੜ ਜਾਵੇ ਫੁੱਲ ਸੋਹਣਾ, ਬੋਲ ਪਿਆਰ ਦੇ ਬੋਲਾਂ

# 24

# ਵਿਹਲੀ ਮਾਂ

ਮੈਂ ਗੱਲ ਕਰਾਂ ਉਸ ਰੱਬ ਦੇ ਦੂਜੇ ਨਾਂ ਦੀ
ਕੁਝ ਲੋਕਾਂ ਲਈ ਵਿਹਲੀ ਮਾਂ ਦੀ
ਉਹ ਸੂਰਜ ਤੋਂ ਵੀ ਪਹਿਲਾਂ ਉਠਦੀ ਏ
ਸਭ ਨੂੰ ਚਾਹ ਪਿਆ ਕੇ ਘਰ ਦੇ ਕੰਮਾਂ ਦੇ ਵਿੱਚ ਜੁੱਟਦੀ ਹੈ
ਅੱਧੀ ਰਾਤ ਉਹ ਵਿਹਲੀ ਹੋ ਕੇ
ਸਭ ਤੋਂ ਮਗਰੋਂ ਬਚਿਆ ਖਾਣਾ ਜੋ ਖਾਂਦੀ
ਮੈਂ ਗੱਲ ਕਰਾਂ ਉਸ ਰੱਬ ਦੀ ਦੂਜੇ ਨਾਂ ਦੀ
ਕੁਝ ਲੋਕਾਂ ਲਈ ਵਿਹਲੀ ਮਾਂ ਦੀ

ਉਹ ਹਰ ਇੱਕ ਦੀ ਲੋੜ ਨੂੰ ਜਾਣਦੀ ਏ
ਬਿਨ ਦੱਸੇ ਹੀ ਬੱਚੇ ਦਾ ਦ ਦਰਦ ਪਛਾਣਦੀ
ਨਾ ਆਪਣੀ ਖ਼ੁਸ਼ੀਆਂ ਨੂੰ ਮਾਣਦੀ ਏ
ਪਰ ਆਪਣੇ ਦੁੱਖੜੇ ਰਹਿੰਦੀ ਛੁਪਾਂਦੀ
ਮੈਂ ਗੱਲ ਕਰਾਂ ਉਸ ਰੱਬ ਦੇ ਦੂਜੇ ਨਾਂ ਦੀ
ਕੁਝ ਲੋਕਾਂ ਲਈ ਵਿਹਲੀ ਮਾਂ ਦੀ

ਰੋਟੀ ਕੱਪੜੇ ਭਾਂਡੇ ,ਮਾਂ ਬਿਨਾਂ ਨਹੀਂ ਸਾਂਭੇ ਜਾਂਦੇ
ਪੂਰੀ ਕਰਦੀ ਹਰ ਇੱਕ ਦੀ ਫਰਮਾਇਸ਼
ਕੁਝ ਪਲ ਵੀ ਮਿਲਦੀ ਫ਼ੁਰਸਤ ਨਾ ਉਸਨੂੰ
ਫਿਰ ਵੀ ਮਾਂ ਕੰਮ ਨਾ ਕਿਸੇ ਥਾਂ ਦੀ
ਮੈਂ ਗੱਲ ਕਰਾਂ ਉਸ ਰੱਬ ਦੇ ਦੂਜੇ ਨਾਂ ਦੀ
ਕੁਝ ਲੋਕਾਂ ਲਈ ਵਿਹਲੀ ਮਾਂ ਦੀ

ਕੰਮ ਸਾਰੇ ਨਸ਼ੁਲਕ ਉਹ ਕਰਦੀ ਏ
ਸਾਰੇ ਜੀਆਂ ਦਾ ਪਾਣੀ ਭਰਦੀ ਹੈ
ਕਦੇ ਗਵਾਂਢੀ ਕਦੇ ਪ੍ਰਾਹੁਣੇ
ਸਾਰਾ ਦਿਨ ਰਹਿੰਦੀ ਚਾਹ ਦਾ ਪਾਣੀ ਧਰਦੀ ਏ
ਉਹ ਕੰਮਾਂ ਵਿਚ ਭੱਜੀ ਫਿਰਦੀ ਏ
ਜਿਵੇਂ ਕੋਈ ਸਜ਼ਾ ਏ ਗ਼ੁਨਾਹ ਦੀ
ਮੈਂ ਗੱਲ ਕਰਾਂ ਉਸ ਰੱਬ ਦੀ ਦੂਜੇ ਨਾਂ ਦੀ
ਕੁਝ ਲੋਕਾਂ ਲਈ ਵਿਹਲੀ। ਮਾਂ ਦੀ

ਉਸ ਤੇ ਸਾਰੇ ਜੀਅ ਹੁਕਮ ਚਲਾਉਂਦੇ ਨੇ
ਰਹਿੰਦੇ ਸਾਰਾ ਦਿਨ ਰੋਹਬ ਜਿਆ ਪਾਉਂਦੇ ਨੇ
ਤੂੰ ਆਹ ਨਹੀਂ ਕੀਤਾ , ਉਹ ਨਹੀਂ ਕੀਤਾ
ਉੱਚੀ ਉੱਚੀ ਰੌਲਾ ਪਾ ਕੇ ਅੱਖਾਂ ਕੱਢ ਦਿਖਾਉਂਦੇ ਨੇ
'ਹਬੀਬ ' ਕੋਈ 'ਕਦਰ ਨਾ ਕਰਦਾ ਬੇਸ਼ਕੀਮਤੀ ਜਾਨ੍ ਦੀ

ਮੈਂ ਗੱਲ ਕਰਾਂ ਉਸ ਰੱਬ ਦੇ ਦੂਜੇ ਨਾਂ ਦੀ
ਕੁਝ ਲੋਕਾਂ ਲਈ ਵਿਹਲੀ ਮਾਂ ਦੀ

ਹੁਣ ਰੱਬ ਵੀ ਕਦੇ ਕਦੇ ਰੋ ਪੈਂਦਾ
ਬਹਾਨੇ ਨਾਲ਼ ਵਰਖ਼ਾ ਕਰਦਾ ਏ
ਫਿਰ ਗੁੱਸੇ ਵਿਚ ਬੱਦਲ ਗੱਜਦੇ ਨੇ
ਉਹ ਨ੍ਹੀ ਮਾਂ ਦਾ ਦੁਖੜਾ ਜਰਦਾ ਏ
ਮਜ਼ਬੂਰ ਹੈ ਉਹ ਵੀ ਹੁਣ ਤਾਂ
ਕੋਈ ਬਦਲੀ ਨਹੀਂ ਉਸ ਸਥਾਂ ਦੀ
ਮੈਂ ਗੱਲ ਕਰਾਂ ਉਸ ਰੱਬ ਦੇ ਦੂਜੇ ਨਾਂ ਦੀ
ਕੁਝ ਲੋਕਾਂ ਲਈ ਵਿਹਲੀ ਮਾਂ ਦੀ
ਮੈਂ ਗੱਲ ਕਰਾ ਉਸ ਰੱਬ ਦੇ ਦੂਜੇ ਨਾਂ ਦੀ
ਕੁਝ ਲੋਕਾਂ ਲਈ ਵਿਹਲੀ ਮਾਂ ਦੀ।



# 25

## ਬਾਪੂ

ਸੂਰਜ ਵਰਗੇ ਤਪਦੇ ਬਾਪੂ
ਤੇਰਾ ਬਿੰਨ ਮੇਰੀ ਹੋਂਦ ਨ੍ਹੀ
ਤੇਰੇ ਕਰਕੇ ਜ਼ਿੰਦਗੀ ਰੋਸ਼ਨ
ਹੋਰ ਨਿੱਘ ਵਾਲੀ ਕੋਈ ਗੋਦ ਨ੍ਹੀ

ਚਿੰਤਾ ਫ਼ਿਕਰ ਕੀ ਹੁੰਦੀ ਆ
ਸਾਨੂੰ ਕਦੇ ਸਿਖਾਇਆ ਹੀ ਨ੍ਹੀ
ਮਾਂ ਬਿੰਨਾ ਰੱਬ ਹੋਰ ਵੀ ਹੁੰਦਾ
ਮੈਨੂੰ ਕਿਸੇ ਪੜਾਇਆ ਹੀ ਨ੍ਹੀ

ਘਰਦੀ ਨੀਹ ਵਰਗਾ ਤੂੰ ਲਗਦਾ ਬਾਪੂ
ਸਭ ਕੁਝ  ਤੂੰ ਹੀ ਤਾਂ ਚੁੱਕਿਆ ਏ
ਜਿੰਮੇਵਾਰੀਆਂ ਨੇ ਸਭ ਤੇਰੇ ਮੋਢੇ
ਸ਼ਾਇਦ ਤਾਂਹੀ ਰਹਿੰਦਾ ਝੁਕਿਆ ਏ

ਕਦੇ ਲਗਦਾ ਦੀਵੇ ਦੀ ਵੱਟੀ ਵਰਗਾ
ਜਿਹੜੀ ਹਰਪਲ ਰਹਿੰਦੀ ਸੜਦੀ ਐ
ਨਾਂ ਦੀਵੇ ਦਾ ਲੈਂਦੇ ਸਾਰੇ
ਹਨੇਰੇ ਨੂੰ ਦੂਰ ਤਾਂ ਉਹੀ ਕਰਦੀ ਐ

ਕਦੇ ਕਦੇ ਲੱਗੇ ਰੁੱਖ ਨਿੰਮ ਵਰਗਾ
ਨਾਲ ਕੁੜੱਤਣ ਭਰਦਾ ਐ
ਜ਼ਿਦਗੀ ਦੇ ਦੁੱਖ ,ਬੀਮਾਰੀ ਵਰਗੇ
ਸਭ ਨੂੰ ਦੂਰ ਤੂੰ ਕਰਦਾ ਐ

ਮਾਂ ਬੋਹੜ ਦੀ ਛਾਂ ਵਰਗੀ
ਬਾਪੂ ਬੋਹੜ ਦੀ ਜੜ੍ਹ ਵਰਗਾ
'ਹਬੀਬ' ਦੋਨਾਂ ਬਿੰਨ ਹੋਂਦ ਦਿਸਦੀ ਨਾ
ਹੋ ਜਾਊ ਉਜੜੇ ਘਰ ਵਰਗਾ
ਹੋ ਜਾਊ ਉਜੜੇ ਘਰ ਵਰਗਾ



# ੨੬

# ਬੇਵੱਸੀ

ਉਹ ਪੌਦਾ ਸੀ ਫੁੱਲ ਗੁਲਾਬ ਜਿਹਾ
ਜੋ ਜ਼ਰਖ਼ੇਜ਼ ਜ਼ਮੀਨ ਚੋਂ ਖਿੜਣਾ ਸੀ
ਮੈਂ ਵੀਰਾਨ ਬੰਜ਼ਰ ਜ਼ਮੀਂ ਜਿਹਾ
ਜਿੰਨ੍ਹੇ ਥੋਹਰਾਂ ਦੇ ਨਾਲ ਭਿੜਣਾ ਸੀ

ਕਈ ਹਸੀਨ ਸੁਪਨੇ ਕਈ ਉਮੰਗਾਂ ਸੀ
ਜਿੰਨ੍ਹਾਂ ਦਾ ਰੋਜ਼ ਕਤਲ ਮੈਂ ਕਰਦਾ ਹਾਂ
ਉਹ ਹਰ ਦਰਦ ਸਹਿਣ ਕਰ ਜਾਂਦੀ ਐ
ਮੈਂ ਜੋ ਵੀ ਨਵਾਂ ਤਰੀਕਾ ਫੜਦਾ ਹਾਂ

ਬੇਵੱਸ ,ਨਿਕੰਮਾ ਜਿਹਾ ਬਣ ਜਾਂਦਾ ਹਾਂ
ਮੂੰਹ ਖੋਲ੍ਹੇ ਤਾਂ ਮੈਂ ਡਰ ਜਾਂਦਾ ਹਾਂ
ਬੇਸ਼ਰਮੀ ਵਿੱਚ ਮਰ ਜਾਂਦਾ ਹਾਂ

ਮੈਂ ਕਾਤਲ ਆ ਉਸ ਦੇ ਅਰਮਾਨਾਂ ਦਾ
ਕਰਜ਼ਦਾਰ ਹਾਂ ਉਸਦੇ ਅਹਿਸਾਨਾਂ ਦਾ
ਇੱਕੋ ਇੱਕ ਕਾਰਨ ਹਾਂ ਮੈਂ ਬੁੱਲ ਵੀਰਾਨਾਂ ਦਾ

ਮੈਂ ਨਾ ਕਦੇ ਕੁਝ ਉਸ ਲਈ ਕਰਿਆ ਐ
ਨਾ ਪੇਕੇ ਜਾਂਦੀ ਦਾ ਬੋਝਾ ਭਰਿਆ ਐ
ਨਾ ਉਹਦੇ ਦੁੱਖਾਂ ਲਈ ਕਦੇ ਲੜਿਆ ਐ

ਬੇਸ਼ਰਮ ਜਿਹਾ ਬਣਕੇ ਰਹਿੰਦਾ ਹਾਂ
ਨਾ ਕੋਲ ਕਦੇ ਵੀ ਬਹਿੰਦਾ ਹਾਂ
ਨਾ ਕੁਝ ਮੰਗ ਲਵੇ, ਡਰਦਾ ਰਹਿੰਦਾ ਹਾਂ

ਉਹਦੀ ਉਮਰ ਤਾਂ ਅਜੇ ਨਿਆਣੀ ਐਂ
ਪਰ ਹੱਦੋਂ ਵੱਧ ਸਿਆਣੀ ਐ
ਉਹ ਜਾਣੇ ਤੋੜ ਨਿਭਾਉਣੀ ਐ

ਹਰ ਰਾਜ ਛੁਪਾਉਣਾ ਜਾਣਦੀ ਐਂ
ਨਜ਼ਾਕਤ ਸਮੇਂ ਦੀ ਪਛਾਣਦੀ ਐ
ਹੋਈ ਦੁੱਖਾਂ ਦੇ ਕਦ ਹਾਣਦੀ ਐ ?

ਮੈਥੋਂ ਕਦੇ ਨਾ ਕੁਝ ਵੀ ਮੰਗਦੀ ਐ
ਗੱਲ ਇਹ ਵੀ ਨੀ ਕਿ ਸੰਗਦੀ ਐ
ਉਹ ਤਾਂ ਜਾਣੂ ਮੇਰੇ ਨੰਗ ਦੀ ਐ

ਉਹ ਨਾ ਮੇਰਾ ਬੋਝ ਵਧਾਉਣਾ ਚਾਹੁੰਦੀ ਐ
ਨਾ ਕੋਈ ਮੰਗ ਪੁਗਾਉਣਾ ਚਾਹੁੰਦੀ ਐ
ਉਹ ਬਸ ਹੱਕ ਜਿਤਾਉਣਾ ਚਾਹੁੰਦੀ ਐ
ਉਹ ਬਸ ਹੱਕ ਜਿਤਾਉਣਾ ਚਾਹੁੰਦੀ ਐ।

# 27

# ਚਾਅ

ਤੂੰ ਜੰਮਿਆ ਤਾਂ ਖੁਸ਼ੀਆਂ ਆਈਆਂ
ਆਈਆਂ ਪਹਿਲਾਂ ਮਾਂ ਦੀਆਂ ਧਾਹਾਂ ਨੇ
ਅਜੇ ਸੁਪਨੇ ਪੂਰੇ ਕੀਤੇ ਨ੍ਹੀ
ਜੋ  ਦੇਖੇ ਸੀ ਮਾਵਾਂ ਨੇ
ਅਜੇ ਚਾਅ ਪਗਾਉਣੇ ਬਾਕੀ ਨੇ
ਦੇਖੇ ਜੋ ਛੋਟੇ ਭੈਣ ਭਰਾਵਾਂ ਨੇ

ਕਈ ਦੁੱਖ ਸਹਾਰੇ ਬਾਪੂ ਨੇ
ਜੋ ਤੈਨੂੰ ਪਾਲਣ ਲਈ
ਓਹ ਸਭ ਸਿਖਾਇਆ  ਲੋੜੀਂਦਾ
ਤੈਨੂੰ ਘਾਲਾਂ ਘਾਲਣ ਲਈ
ਚੇਤਾ ਨਾ ਭੁੱਲ ਜਾਵੀਂ  ਓਹਦਾ
ਜਿੰਨੇ  ਲਈਆਂ  ਲਾਵਾਂ ਨੇ
ਅਜੇ ਚਾਅ ਪਾਗਾਉਣੇ ਬਾਕੀ ਨੇ
ਛੋਟੇ ਭੈਣ ਭਰਾਵਾਂ ਦੇ

ਸਿਖਲੇ ਜੋਂ ਵੀ ਸਿੱਖਣਾ ਤੂੰ
ਤੇ ਜੋ ਜੋ ਵੀ ਪੜ੍ਹਨਾਂ ਏ
ਫਿਰ ਵੀ ਨਵਾਂ ਨਵਾਂ ਤੂੰ ਦੇਖੇਗਾ
ਤੇ ਹੱਕ ਲਈ ਲੜਣਾ ਪੈਣਾ ਏ
ਚੁੱਪ ਚੁਪੀਤੇ ਲੱਗਾ ਰਹੀ
ਇੱਥੇ ਰੌਲਾ ਪਾਉਣਾ ਕਾਵਾਂ ਨੇ
ਅਜੇ ਚਾਅ ਪਗਉਣੇ ਬਾਕੀ ਨੇ
ਛੋਟੇ ਭੈਣ ਭਰਾਵਾਂ ਦੇ

ਬੁਢਾਪੇ ਦਾ ਸਹਾਰਾ ਤੂੰ ਓਹਨਾ ਦਾ
ਤੂੰਹੀਓਂ ਸਭ ਕੁਝ ਕਰਨਾ ਏ
ਓਹਨਾ ਜੋ ਜੋ ਕੀਤਾ ਤੇਰੇ ਲਈ
ਉਸ ਤੋ ਵੱਧ ਤੂੰ ਕਰਨਾ ਏ
ਤੇਰੇ ਸਿਰ ਇਹ ਕਰਜਾ ਆ
ਜੋ ਵੀ ਲਈਆਂ ਤੂੰ ਸਾਹਾਂ ਨੇ
ਅਜੇ ਸੁਪਨੇ ਪੂਰੇ ਕੀਤੇ ਨ੍ਹੀ
ਜੋ ਦੇਖੇ ਸੀ ਮਾਵਾਂ ਨੇ
ਅਜੇ ਚਾਅ ਪੁਗਾਉਣੇ ਬਾਕੀ ਨੇ
ਛੋਟੇ ਭੈਣ ਭਰਾਵਾਂ ਦੇ

# ੨੪

# ਕਬਿੱਤ

ਰੋਂਦੇ ਨੂੰ ਹਸਾਉਣਾ ਨਾਲ
ਰੁੱਸੇ ਨੂੰ ਮਨਾਉਣ ਨਾਲ
ਭੁੱਖੇ ਨੂੰ ਰਜਾਉਣ ਨਾਲ
ਮਿਲੇ ਵੱਡਾ ਪੁੰਨ ਜੀ

ਬੋਹੜ ਦੀ ਛਾਂ ਨਾ
ਬਨੇਰੇ ਕਾਂ ਨਾ
ਸਿੰਘ ਨਾਲ ਨਾਂ ਨਾ
ਹੁਣ ਕਿੱਥੇ ਗੁੰਮ ਜੀ

ਜਿੱਥੇ ਬਾਪੂ ਦੀਆਂ ਝਿੜਕਾਂ
ਬੇਬੇ ਦੀਆਂ ਬਿੜਕਾਂ
ਦੁੱਧ ਦੀਆਂ ਰਿੜਕਾਂ
ਹੁਣ ਉੱਥੇ ਸੁੰਨ ਜੀ

ਪੁੱਤ ਦਾ ਉੱਚਾ ਬੋਲਣਾ
ਧੀ ਦਾ ਪੱਗ ਰੋਲਣਾ
ਕੰਨੀ ਜਹਿਰ ਘੋਲਣਾ
ਵਿੱਚ ਜੱਗ ਜਾਵੇ ਧੁੰਮ ਜੀ

ਪੜਾਈ ਨਕਲ ਨਾਲ
ਗੰਦਾ ਦਿਮਾਗ, ਸੋਹਣੀ ਸ਼ਕਲ ਨਾਲ
ਕੰਮ ਕੀਤਾ , ਬਿੰਨਾ ਅਕਲ ਨਾਲ
ਨਾ ਪਾਵੇ ਕਦੇ ਮੁੱਲ ਜੀ

# ੨੭

## ਵੋਟ

ਮਰਦੀਆਂ ਜ਼ਮੀਰਾਂ ਵਾਲਿਓ
ਹੁਣ  ਤਾਂ ਅਕਲ ਨੂੰ ਹੱਥ ਮਾਰੋ
ਵੋਟ ਤੁਸੀ ਜੇ  ਪਾਉਣ ਚਲੇ ਹੋ ਓ
ਥੋੜ੍ਹਾ ਸੋਚੋ ਤੇ ਥੋੜਾ ਵਿਚਾਰੋ
ਮਰਦੀਆਂ ਜਮੀਰਾਂ ਵਾਲਿਓ
ਹੁਣ ਤਾਂ ਅਕਲ ਨੂੰ ਹੱਥ ਮਾਰੋ

ਕੀਤਾ ਬਰਬਾਦ ਤੇਰਾ ਰੰਗਲਾ ਪੰਜਾਬ
ਵੇਚ ਪ੍ਰਦੇਸ਼ ਨਾ ਕੀਤਾ ਕੋਈ ਹਿਸਾਬ
ਸਾਰਾ ਲੁੱਟਕੇ ਇਹ ਖ਼ਾਗੇ
ਤੁਸੀ ਲੁੱਟਾਈ ਜਾਂਦੇ ਹੋ ਗਾਵਾਰੋ
ਵੋਟ ਤੁਸੀ  ਜੇ ਪਾਉਣ  ਚਲੇ ਓ
ਥੋੜ੍ਹਾ ਸੋਚੋ ਤੇ ਥੋੜਾ ਵਿਚਾਰੋ

ਪਹਿਲਾਂ  ਜੋੜਦੇ   ਨੇ  ਹੱਥ
ਫਿਰ ਛੱਡ ਦੇ ਨੀ  ਕੱਖ
ਪਹਿਲਾਂ ਘਰਾਂ ਵਿੱਚ ਆਉਂਦੇ

ਫਿਰ ਕਹਿੰਦੇ ਪਿੱਛੇ ਹੱਟ
ਤੇ ਪੈਰਾਂ ਹੇਠ ਲਿਤਾੜੇ
ਵੋਟ ਤੁਸੀਂ ਜੇ ਪਾਉਣ ਚੱਲੇ ਓ
ਥੋੜਾ ਸੋਚੋ ਤੇ ਥੋੜਾ ਵਿਚਾਰੋ

ਤੁਹਾਡੀ ਕੁੱਲੀਆਂ ਨੂੰ ਢਾਹਕੇ
ਜਾਂਦੇ ਮਹਿਲ ਉਸਾਰੀ
ਆਉਂਦੇ ਜਾਂਦੇ ਨੇਤਾ ਰਹਿੰਦੇ
ਇਹ ਤਾਂ ਵਾਰੋ ਵਾਰੀ
ਗਰੀਬ ਮਰਦੇ ਹੀ ਰਹਿਣੇ
ਕਹਿੰਦੇ,ਪਹਿਲਾਂ ਮਹਿਲ ਉਸਾਰੋ
ਵੋਟ ਤੁਸੀਂ ਜੇ ਪਾਉਣ ਚੱਲੇ ਓ
ਥੋੜਾ ਸੋਚੋ ਤੇ ਵਿਚਾਰੋ ਵਿਚਾਰੋ

ਜਵਾਨੀ ਕੀਤੀ ਬਰਬਾਦ
ਇਥੇ ਨਸ਼ਿਆਂ ਦੇ ਵਪਾਰੀ
ਇਹ ਕੱਲੇ ਨ੍ਹੀ ਓ ਹੁੰਦੇ
ਸਾਰੇ ਨਾਲ ਬੰਦੇ ਸਰਕਾਰੀ
ਜੇ ਦੇਸ਼ ਐ ਬਚਾਉਣਾ
ਰਹੋ ਸਾਵਧਾਨ, ਨਾਲ ਖੰਘੂਰਾ ਵੀ ਮਾਰੋ
ਵੋਟ ਤੁਸੀਂ ਜੇ ਪਾਉਣ ਚੱਲੇ

ਥੋੜਾ ਸੋਚੋ ਤੇ ਥੋੜਾ ਵਿਚਾਰੋ

ਲੱਖਾਂ ਲੋਕਾਂ ਦੇ ਇਕੱਠ
ਇਥੇ ਰੈਲੀਆਂ ਚੋਂ ਹੋਣ
ਬੱਚੇ ਪੜਨੇ ਜੇ ਗਏ
ਕਰੋਨਾ ਦੱਬੂ ਤੁਹਾਡੀ ਧੌਣ
ਹੁਣ ਚੁੱਪ ਕਰਕੇ ਨਾ ਬੈਠੋ
ਇਕ ਵਾਰ ਤਾਂ ਦਹਾੜੋ
ਵੋਟ ਜੇ ਪਾਉਣ ਚੱਲੇ ਓ
ਥੋੜਾ ਸੋਚੋ ਤੇ ਥੋੜਾ ਵਿਚਾਰੋ

ਮੁਫ਼ਤਖੋਰੀ ਦੀ ਲੱਤ
ਲਾਈ ਜਾਵੇਂ ਸਰਕਾਰ
ਆਟਾ ਦਾਲ ਚੋਲ ਦੇਵੇ
ਨਾ ਕਰੇ ਕੋਈ ਸਵਾਲ
ਕਿਸੇ ਜੋਗੇ ਵੀ ਨ੍ਹੀ ਰਹਿਣਾ
ਤੁਸੀਂ ਘਰੋਂ ਤੇ ਨਾ ਬ੍ਹਾਰੋਂ
ਵੋਟ ਤੁਸੀਂ ਦੇ ਪਾਉਣ ਚੱਲੇ ਓ
ਥੋੜਾ ਸੋਚੋ ਤੇ ਥੋੜਾ ਵਿਚਾਰੋ

ਨਹੀਂ ਗੱਲਾਂ ਵਿੱਚ ਆਉਣਾ
ਭੌਂਕੀ ਜਾਓ ਗਦਾਰੋ
ਬਚਾਉਣਾ ਐ ਪੰਜਾਬ
ਹੁਣ ਗੰਦੀਓ ਸਰਕਾਰੋਂ
ਵੋਟ ਤੁਸੀਂ ਜੇ ਪਾਉਣ ਚੱਲੇ ਓ
ਥੋੜ੍ਹਾ ਸੋਚੋ ਤੇ ਵਿਚਾਰੋ
ਜੀਊਂਦੀਆਂ ਜ਼ਮੀਰਾਂ ਵਾਲਿਓ
ਹੁਣ ਉਠੋ ਤੇ ਹੰਭਲਾ ਮਾਰੋ
ਵੋਟ ਤੁਸੀਂ ਜੇ ਪਾਉਣ ਚੱਲੇ ਓ
ਥੋੜ੍ਹਾ ਸੋਚੋ ਤੇ ਥੋੜ੍ਹਾ ਵਿਚਾਰ



# ੩੦

# ਮੌਤ

ਮੌਤ ਤੋਂ ਡਰਦੇ ਨੇ ਲੋਕ
ਕਿੱਥੇ ਹੈ ਮੌਤ ?
ਕਿੱਥੇ ਰਹਿੰਦੀ ਆ?
ਦਿਸਦੀ ਕਿਵੇਂ ਦੀ ਹੈ ?
ਇਹ ਮੌਤ

ਇਹ ਦਿਸਦੀ ਨ੍ਹੀ ਏ
ਲੱਭਦੀ ਨ੍ਹੀ ਏ
ਆਉਂਦੀ ਤਾਂ ਕਿਵੇ ਆਉਂਦੀ ਐ
ਇਹ ਮੌਤ ?

ਆਉਂਦੀ ਤਾਂ ਸਭ ਕੋਲ ਹੈ
ਮਿਲਦੀ ਸਭ ਨੂੰ ਇਹ
ਤੇ ਕਿੰਨਾ ਹੀ ਮੇਲ ਜੋਲ ਹੈ
ਬਸ ਇਕੋ ਕੰਮ ਕਰਦੀ ਐ?
ਇਹ ਮੌਤ

ਵਿਤਕਰਾ ਨ੍ਹੀ ਕਰਦੀ
ਭੇਦ ਭਾਵ ਨ੍ਹੀ ਕਰਦੀ
ਹਰ ਥਾਂ ਤੇ ਨਾਲ ਹੈ ਖੜਦੀ
ਇਹ ਮੌਤ

ਬਿੰਨ ਬੁਲਾਏ ਮਹਿਮਾਨ ਦੇ ਵਰਗੀ ਐ
ਪਰ ਮਿਲਣਾ ਕਿਸ ਨੂੰ ਐ
ਕਰਦੀ ਆਪਣੀ ਮਰਜ਼ੀ ਐ
ਇਹ ਮੌਤ

ਚਾਹੇ ਰਾਜਾ ਜਾਂ ਭਿਖਾਰੀ
ਸਭ ਨੂੰ ਗਲ ਲੱਗ ਮਿਲਦੀ ਐ
ਪਰ ਮਿਲਦੀ ਵਾਰੋ ਵਾਰੀ
ਇਹ ਮੌਤ

ਦੁੱਖ ਦਰਦ ਸਭ ਖੋਹ ਲੈਂਦੀ ਏ
ਜੋ ਦੇਖੇ ਉਸਦਾ ਹੀ ਹੋ ਜਾਵੇ
ਉਹ ਕਿੱਦਾਂ ਸਭ ਨੂੰ ਮੋਹ ਲੈਂਦੀ ਏ?
ਇਹ ਮੌਤ



# 31

## ਬੋਲੀਆਂ

ਦੋ ਪੱਤਰ ਅਨਾਰਾਂ ਦੇ
ਦੋ ਪੱਤਰ ਅਨਾਰਾਂ ਦੇ
ਸਿੰਘਾਂ ਦੇ ਜੈਕਾਰੇ ਸੁਣ ਕੇ
ਦਿਲ ਕੰਬੇ ਸਰਕਾਰਾਂ ਦੇ
ਸਿੰਘਾਂ ਦੇ ਜੈਕਾਰੇ ਸੁਣ ਕੇ
ਦਿਲ ਕੰਬੇ ਸਰਕਾਰਾਂ ਦੇ

ਕੋਠੇ ਤੇ ਆ ਕਾਵਾਂ
ਕੋਠੇ ਤੇ ਆ ਕਾਵਾਂ
ਪੰਜਾਬੀਆਂ ਦੇ ਵੇਖ ਹੌਂਸਲੇ
ਅੱਜ ਸਦਕੇ ਮੈਂ ਜਾਵਾਂ
ਪੰਜਾਬੀਆਂ ਦੇ ਵੇਖ ਹੌਂਸਲੇ
ਅੱਜ ਸਦਕੇ ਮੈਂ ਜਾਵਾਂ

ਅੰਬੀਆਂ ਨੂੰ ਬੂਰ ਪਿਆ
ਅੰਬੀਆਂ ਨੂੰ ਬੂਰ ਪਿਆ
ਲੋਕਾਂ ਦਾ ਹੁਣ ਜੋਸ਼ ਵੇਖ ਕੇ

ਮੋਦੀ ਪੰਜਾਬੋਂ ਦੂਰ ਗਿਆ
ਲੋਕਾਂ ਦਾ ਜੋਸ਼ ਵੇਖ ਕੇ
ਮੋਦੀ ਪੰਜਾਬੋਂ ਦੂਰ ਗਿਆ

ਬਾਜ਼ ਉੱਡੇ ਆਸਮਾਨੀ ਏ
ਬਾਜ਼ ਉੱਡੇ ਆਸਮਾਨੀ ਏ
ਪੰਜਾਬੀਆਂ ਦਾ ਕੋਈ ਤੋੜ ਨਾ
ਰਹੀ ਸੂਲਾਂ ਤੇ ਨੱਚਦੀ ਜਵਾਨੀ ਏ
ਪੰਜਾਬੀਆਂ ਦਾ ਕੋਈ ਤੋੜ  ਨਾ
ਰਹੀ ਸੂਲਾਂ ਤੇ ਨੱਚਦੀ ਜਵਾਨੀ ਏ

ਤਿੱਤਲੀ ਉੱਡੇ ਵਿਚ ਬਾਗਾਂ ਦੇ
ਤਿੱਤਲੀ ਉੱਡੇ ਵਿਚ ਬਾਗਾਂ ਦੇ
ਅਸੀ ਡਰ ਕਦੇ ਸਿੱਖਿਆ ਹੀ ਨ੍ਹੀ
ਸਿਰ ਪੈਰਾਂ ਹੇਠ, ਕਈ ਨਾਗਾਂ ਦੇ
ਅਸੀਂ ਡਰ ਕਦੇ ਸਿਖਿਆ ਹੀ ਨ੍ਹੀ
ਸਿਰ ਪੈਰਾਂ ਹੇਠ , ਕਈ ਨਾਗਾਂ ਦੇ

# 32

# ਰਾਜਨੀਤਿਕ ਬੋਲੀਆਂ

ਮੁਫ਼ਤਖੋਰੀ ਨਾ ਕਰਿਆ ਕਰੋ

ਮੁਫ਼ਤਖੋਰੀ ਨਾ ਕਰਿਆ ਕਰੋ

ਨਸ਼ਿਆਂ ਲਈ ਵੋਟ ਵੇਚਦੇ

ਥੋੜੀ ਸ਼ਰਮ ਤਾਂ ਕਰਿਆ ਕਰੋ

ਪੈਸਿਆਂ ਲਈ ਵੋਟ ਵੇਚਦੇ

ਥੋੜੀ ਸ਼ਰਮ ਤਾਂ ਕਰਿਆ ਕਰੋ

ਮੰਗਤੇ ਤਾਂ ਨਾ ਬਣਿਆ ਕਰੋ

ਮੰਗਤੇ ਤਾਂ ਨਾ ਬਣਿਆ ਕਰੋ

ਅਪਣਾ ਹੱਕ ਲੈਣ ਲਈ

ਲੋੜ ਵੇਲੇ ਤਾਂ ਲੜਿਆ ਕਰੋ

ਅਪਣਾ ਹੱਕ ਲੈਣ ਲਈ

ਲੋੜ ਵੇਲੇ ਤਾਂ ਲੜਿਆ ਕਰੋ

ਨੇਤਾ ਤਾੜੀ ਮਾਰ ਹੱਸਿਆ ਐ

ਨੇਤਾ ਤਾੜੀ ਮਾਰ ਹੱਸਿਆ ਐ

ਨਸ਼ਿਆਂ ਦੀ ਦਲਦਲ ਚੋਂ

ਮੇਰਾ ਪੰਜਾਬ ਜੋ ਫੱਸਿਆ ਐ
ਨਸ਼ਿਆਂ ਦੀ ਦਲਦਲ ਚੋਂ
ਰੰਗਲਾ ਪੰਜਾਬ ਜੋ ਫੱਸਿਆ ਐ

ਸੋਚ ਵੱਡ ਵੱਡ ਖਾਂਦੀ ਐ
ਸੋਚ ਵੱਡ ਵੱਡ ਖਾਂਦੀ ਐ
ਮਹਿਲਾਂ ਦੀਆਂ ਕੰਧਾਂ ਉਚੀਆਂ
ਸਾਡੀ ਆਵਾਜ਼ ਵੀ ਨ੍ਹੀ ਜਾਂਦੀ ਐ
ਮਹਿਲਾਂ ਦੀਆਂ ਕੰਧਾਂ ਉਚੀਆਂ
ਸਾਡੀ ਆਵਾਜ਼ ਵੀ ਨ੍ਹੀ ਜਾਂਦੀ ਐ

# 33

# ਖਿਆਲੀ ਮੀਂਹ

ਮੀਹ ਪਿਆ ਤੇ ,ਮੈਨੂੰ ਖਿਆਲ ਆਇਆ
ਚਾਂਦੀ ਬੂੰਦਾਂ ਦੇ ਨਾਲ ,ਸਵਾਲ ਆਇਆ
ਜਿਵੇਂ ਪਾਣੀ ਧੋਂਦਾ ਰੁੱਖਾਂ ਨੂੰ
ਜਿਵੇਂ ਮੌਸਮ ਵਿਚ ਰੰਗੀਨੀ ਆਵੇ
ਹਰ ਪਾਸੇ ਹਰਿਆਵਲ ਖੇਡੇ
ਜਿਵੇਂ ਵਹੁਟੀ ਕੋਈ ਨਵੀਂ ਸ਼ੁਕੀਨੀ ਲਾਵੇ

ਧੂੜ ਕਣ ਛੁੱਟੀਆਂ ਤੇ ਤੁਰ ਜਾਣ
ਆਸਮਾਨ ਦਾ ਚੇਹਰਾ ਖਿਲ ਜਾਂਦਾ ਏ
ਧਰਤੀ ਅੰਬਰ ਆਪਸ ਵਿਚ ਸੈਨਤ ਮਾਰਨ
ਜਿਵੇਂ ਰੂਹ ਦਾ ਹਾਣੀ ਮਿਲ ਜਾਂਦਾ ਏ

ਖਿਆਲੀ ਮੀਂਹ ਇਕ ਮੇਰੇ ਮਨ ਵਿਚ ਪੈਂਦਾ
ਸ਼ਾਇਦ, ਹਕੀਕਤ ਵਿਚ ਉਹ ਕਦੇ ਨਾ ਆਵੇ
ਸੁਣਿਆ, ਆਸਾਂ ਤੇ ਹੀ ਜੱਗ ਜੀਂਦਾ
ਕੋਈ ਰੱਬੀ ਰੂਹ ਫਿਰ ਫੇਰਾ ਪਾਵੇ

ਸਾਰੇ ਧੂੜ ਕਣ ਵਿਕਾਰਾਂ ਵਾਲੇ
ਬੰਦੇ ਦੇ ਹਿਰਦੇ ਨੂੰ ਖਾਗੇ
ਕੀ ਹੋ ਸਕਦੀ ਇੱਦਾਂ ਦੀ ਵਰਖਾ?
ਜੋ ਮਨ ਦੀ ਸਾਰੀ ਕਾਲਖ ਲਾਵੇ

ਮਨ ਦਾ ਖੇੜਾ ਹਰਿਆਵਲ ਵਾਂਗੂੰ
ਹੋ ਜਾਵੇ ਝੂਮਦਿਆ ਰੁੱਖਾਂ ਵਰਗਾ
ਕੀ ਅੰਮ੍ਰਿਤ ਵਰਖਾ ਹੋ ਸਕਦੀ ਏ ?
ਮਨ ਪਵਿੱਤਰ ਹੋਜੇ ਕੁੱਖਾਂ ਵਰਗਾ

ਵਹਿਣ ਪਾਣੀ ਦਾ ਇੰਨਾ ਕੁ ਹੋਵੇ
ਬਸ ਗੰਦਗੀ ਨਾਲ ਬਹਾ ਲੈ ਜਾਵੇ
'ਹਬੀਬ' ਇਹੀ ਅਰਦਾਸ ਹੈ ਕਰਦਾ
ਸੁਪਨਾ ਪੂਰਾ ਹੋ ਹੀ ਜਾਵੇ
ਸੁਪਨਾ ਪੂਰਾ ਹੋ ਹੀ ਜਾਵੇ

# 34

# ਇੱਜ਼ਤ ਅਹਿਤਰਾਮ

ਇੱਜ਼ਤ ਅਹਿਤਰਾਮ ਇਕ ਅਫ਼ਜ਼ਲ ਗਹਿਣਾ ਐ
ਸਾਂਭ ਕੇ ਰੱਖਣਾ ਇਹਤਿਆਤ ਨਾਲ
ਨਹੀਂ ਮਿਲਦਾ ਏ ਦੁਨੀਆਂ ਦੀ ਸਾਰੀ ਦੌਲਤ ਨਾਲ
ਇਹ ਪਾਕ ਕਰਮ ਨਾਲ ਹੀ ਰਹਿਣਾ ਐ
ਇੱਜ਼ਤ ਅਹਿਤਰਾਮ ਇਕ ਅਫ਼ਜ਼ਲ ਗਹਿਣਾ ਐ

ਪੁੱਤ ਆਪਣੇ ਮਾਂ-ਬਾਪ ਦੇ ਇੱਜ਼ਤ ਵਾਲੇ ਘਰ ਦਾ ਚੌਕੀਦਾਰ ਐ
ਧੀ ਆਪਣੇ ਮਾਪਿਆਂ ਦੀ ਚੁੰਨੀ ਤੇ ਦਸਤਾਰ ਐ
ਸਾਂਭ ਕੇ ਰੱਖਣਾ, ਤੁਹਾਡੇ ਸਿਰ ਤੇ ਇਕ ਵੱਡਾ ਭਾਰ ਐ
ਇਹ ਭਾਰ ਵੀ ਹੁਣ ਚੁੱਕਣਾ ਹੀ ਪੈਣਾ ਹੈ
ਇੱਜ਼ਤ ਅਹਿਤਰਾਮ ਇਕ ਅਫ਼ਜ਼ਲ ਗਹਿਣਾ ਐ

ਕਰ ਹਰ ਸੁਪਨਾ ਪੂਰਾ , ਤੂੰ ਪੂਰੀ ਸ਼ਿੱਦਤ ਨਾਲ
ਮੰਜ਼ਿਲ ਆਪਣੀ ਪਾਉਣ ਲਈ ਜੱਦੋ-ਜਹਿਦ ਵੀ ਤੂੰ ਕਰ
ਪਰ ਖ਼ਲਕਤ ਵਿਚ ਰਹਿ ਕੇ ਨਾਪਾਕ ਹਰਕਤ ਨਾ ਕਰ
ਇਕ ਇਕ ਪਲ ਦਾ ਹਿਸਾਬ ਤੈਨੂੰ ਦੇਣਾ ਪੈਣਾ ਐ
ਇੱਜ਼ਤ ਅਹਿਤਰਾਮ ਇਕ ਅਫ਼ਜ਼ਲ ਗਹਿਣਾ ਐ

ਅਪਣੀ ਹਰਦਿਲ ਅਜ਼ੀਜ਼ ਨਾਲ ਵੀ
ਕੁਝ ਪਲ ਜੀਅ ਲਿਆ ਕਰ
'ਹਬੀਬ' ਕੁਝ ਸੁਣ ਲਿਆ ਕਰ ,ਕੁਝ ਕਹਿ ਲਿਆ ਕਰ
ਇਹ ਸਮਾਂ ਮੁੜ ਵਾਪਸ ਨਹੀਂ ਆਉਣਾ
ਨਾ ਕੁਝ ਟਿੱਕਿਆ ਰਹਿਣਾ ਐ
ਇੱਜ਼ਤ ਅਹਿਤਰਾਮ ਇਕ ਅਫ਼ਜ਼ਲ ਗਹਿਣਾ ਐ
ਸਾਂਭ ਕੇ ਰੱਖਣਾ ਇਹਤਿਆਤ ਨਾਲ
ਇਹ ਪਾਕ ਕਰਮ ਨਾਲ ਹੀ ਰਹਿਣਾ ਐ
ਇੱਜ਼ਤ ਅਹਿਤਰਾਮ ਇਕ ਅਫ਼ਜ਼ਲ ਗਹਿਣਾ ਐ

# 35

# ਬਦਕਿਸਮਤ ਕਿਤਾਬ

ਮੈਂ ਅੱਜ ਕਿਸਮਤ ਦੀ ਮਾਰੀ
ਵਿਗਿਆਨ ਤੋਂ ਹਾਰੀ
ਕਿਤਾਬ ਦਾ ਲੜ ਫੜਨਾ ਚਾਹੁੰਦਾ ਹਾਂ
ਅੱਜ ਫਿਰ ਮੈਂ ਪੜਨਾ ਚਾਹੁੰਦਾ ਹਾਂ
ਪਰ ਅਫਸੋਸ,ਕਿਤਾਬ ਦੀ ਬਾਂਹ ਨ੍ਹੀ ਫੜ ਹੁੰਦੀ
ਬਦਰੰਗੇ ਬੇਰੁਖੇ ਪੇਜਾਂ ਦੀ ਕਿਤਾਬ ਨ੍ਹੀ ਪੜ ਹੁੰਦੀ
ਕਾਲੇ ਸਫੈਦ ਵਰਕੇ ਮੈਨੂੰ ਰੰਗਲੇ ਸੁਪਨੇ ਦਿਖਾਉਂਦੇ ਨੇ
ਹਰ ਰਾਹ ਤੇ ਦਿਲਾਸਾ ਦਿੰਦੇ ਤੇ ਸਮਝਾਉਂਦੇ ਨੇ
ਇਹ ਕਾਲੇ ਸਫੈਦ ਬਦ੍ਰੰਗੇ ਵਰਕੇ।

ਬਾਰ ਬਾਰ ਮੇਰੇ ਸੁਪਨਿਆ ਵਿਚ ਆਉਂਦੀਆਂ ਨੇ
ਮੈਨੂੰ ਹਸਾਉਂਦੀਆਂ, ਵਰਗਲਾਉਂਦੀਆਂ ,
ਤੇ ਕਦੇ ਕਦੇ ਰਵਾਉਂਦੀਆਂ ਨੇ
ਇਹ ਬਦਰੰਗੀਆਂ ਕਿਤਾਬਾਂ।

ਇੱਕ ਗੱਲ ਬਾਰ ਬਾਰ ਆਕੇ
ਮੇਰੇ ਮੋਢੇ ਹੱਥ ਰੱਖ ਸਮਝਾਉਂਦੀਆਂ ਨੇ

ਜੇ ਚਾਹੁੰਦਾ ਕਰਨਾ ਪੂਰਾ ਖ਼ਵਾਬਾਂ ਨੂੰ
ਰੱਖਣਾ ਪੈਣਾ ਨਾਲ ਕਿਤਾਬਾਂ ਨੂੰ
ਹਾਂ, ਮੈਨੂੰ ਪਤਾ ਵੀ ਹੈ ਕਿ
ਸਭ ਤੋਂ ਵਫਾਦਾਰ ਦੋਸਤ ਕਿਤਾਬ ਏ
ਹਰ ਸਮੱਸਿਆ , ਹਰ ਸ਼ੰਕਾ ਦਾ
ਦਿੰਦੀ ਮੈਨੂੰ ਜਵਾਬ ਏ
ਪਰ ਅਫਸੋਸ ,ਜੋਂ ਕਿਤਾਬਾਂ ਲੋਕਾਂ ਦੀ ਜ਼ਿੰਦਗੀ
ਰੰਗਾਂ ਨਾਲ ਭਰ ਦਿੰਦੀਆਂ ਸਨ
ਹੁਣ ਉਹ ਖੁਦ ਆਪ ਬੰਦ ਜਿਲਦ ਦੇ ਕਮਰੇ ਵਿਚ
ਕਾਲੇ ਸਫੈਦ ਹਨੇਰੇ ਦੇ ਪੇਜਾਂ ਵਿਚ
ਕਿਤਾਬਾਂ ਤਰਸਦੀਆਂ ਨਜ਼ਰਾਂ ਨਾਲ ਉਡੀਕ ਕਰਦੀਆਂ ਨੇ
ਕਿ ਸ਼ਾਇਦ ਕੋਈ ਮੇਰਾ ਪਿਆਰਾ ਪਾਠਕ ਆਏਗਾ
ਜੋ 'ਹਬੀਬ 'ਵਾਂਗੂੰ ਪਿਆਰ ਨਾਲ ਮੈਂਨੂ ਤੱਕੇਗਾ
ਤੇ ਘੁੱਟ ਕੇ ਹਿੱਕ ਨਾਲ ਲਾਏਗਾ
ਮੇਰਾ ਮੱਥਾ ਚੁੰਮ ਕੇ , ਮੇਰੀ ਹਿੱਕ ਵਿੱਚ
ਦੱਬੇ ਘੁੱਟੇ ਅਲਫਾਜਾਂ ਨੂੰ ਸੁਣੇਗਾ
ਮੇਰੇ ਨਾਲ ਕੁਛ ਵਖਤ ਬਿਤਾਏਗਾ
ਕੁਛ ਅਪਣੇ ਸੁਪਨੇ ਵੀ ਬੁਣੇਗਾ
ਉਸ ਦੇ ਸੁਪਨਿਆ ਦੇ ਨਾਲ ਹੀ

ਉਸ ਦੀ ਹਿੱਕ ਤੇ ਸਿਰ ਰੱਖ ਕੇ ਸੋ ਜਾਵਾਂਗੀ
ਮੈਂ ਵੀ ਆਪਣੇ ਹੀ ਖਿਆਲਾਂ ਵਿਚ ਖੋ ਜਾਵਾਂਗੀ
ਫਿਰ ਮੈਂ ਵੀ ਆਪਣੇ ਹੀ ਖਿਆਲਾਂ ਵਿਚ ਖੋ ਜਾਵਾਂਗੀ



# ੩੯

# ਇਸ਼ਕੇ ਦੀ ਗੁਲਜ਼ਾਰ

ਵੀਰਾਨ-ਏ-ਦਿਲ ਦੇ ਮਹਿਲ ਵਿੱਚ
ਇਸ਼ਕੇ ਦੀ ਖਿੜੀ ਗੁਲਜਾਰ ਜਿਵੇ
ਮਾਸੂਮੀਅਤ ਦੀ ਮੁਸਕਾਨ ਦੇਖ ਕੇ
ਬਸੰਤ ਦੀ ਆਈ ਬਹਾਰ ਜਿਵੇ

ਉਹ ਤਾਂ ਸ਼ੀਰੀ ਜਿਹੇ ਅਲਫਾਜ਼ਾਂ ਦੀ ਮਾਲਿਕਾਂ ਲੱਗਦੀ ਏ
ਮੇਰੇ ਉਜੜੇ ਦਿਲ ਦੇ ਮਹਿਲ ਵਿਚ
ਬਣ ਦੀਪ ਪਿਆਰ ਦਾ ਜੱਗਦੀ ਏ
ਹੁਣ ਰੋਜ ਨਵਾਂ ਰਾਗ ਜਿਹਾ ਛਿੜ ਜਾਂਦਾ
ਧੁਰ ਤੋਂ ਹੀ ਜੁੜੀ ਨਵੀ ਤਾਰ ਜਿਵੇ
ਵੀਰਾਨ-ਏ ਦਿਲ ਦੇ ਮਹਿਲ ਵਿੱਚ
ਇਸ਼ਕੇ ਦੀ ਖਿੜੀ ਗੁਲਜਾਰ ਜਿਵੇ
ਮਾਸੂਮੀਅਤ ਦੀ ਮੁਸਕਾਨ ਦੇਖ ਕੇ
ਬਸੰਤ ਦੀ ਆਈ ਬਹਾਰ ਜਿਵੇ

ਖੁਦਾ ਦੀ ਕਾਰਗੁਜ਼ਾਰੀ ਦਾ
ਹਮੇਸ਼ਾ ਹੀ ਸ਼ੁਕਰਗੁਜ਼ਾਰ ਬਣਾ

ਤੂੰ ਮੇਰੀ ਹੁਸਨ ਦੀ ਮਲਿਕਾ ਏ
ਮੈਂ ਤੇਰਾ ਸ਼ਹਰਯਾਰ ਬਣਾਂ
ਜਾਂ ਮੇਰੀ ਕੋਈ ਰਾਜਕੁਮਾਰੀ ਲੱਗਦੀ
ਤੇ ਮੈਂ ਤੇਰਾ ਰਾਜਕੁਮਾਰ ਜਿਵੇਂ
ਵੀਰਾਨ-ਏ-ਦਿਲ ਦੇ ਮਹਿਲ ਵਿਚ

ਇਸ਼ਕੇ ਦੀ ਖਿੜੀ ਗੁਲਜ਼ਾਰ ਜਿਵੇਂ
ਮਾਸੂਮੀਅਤ ਦੀ ਮੁਸਕਾਨ ਵੇਖ ਕੇ
ਬਸੰਤ ਦੀ ਆਈ ਬਹਾਰ ਜਿਵੇਂ

# 37

# ਰੱਬ ਨੂੰ ਭੁਲੇਖੇ

ਗਰੀਬੀ ਦੇ ਪਹਾੜ ਉੱਤੇ ,ਪੈਂਦੀ ਦੁੱਖਾਂ ਦੀ ਬਰਫ਼
ਲੱਗਦੇ ਨੇ ਰੋਜ਼ ਕਈ ਮੁਸੀਬਤਾਂ ਦੇ ਸੇਕੇ
ਗਰੀਬਾਂ ਦੇ ਹਿੱਸੇ ਕੋਈ ਸੁੱਖ ਕਿਉਂ ਨਹੀਂ ਆਉਂਦੇ
ਜਾਂ ਸ਼ਾਇਦ ਪੈ ਗਏ ਨੇ ਰੱਬ ਨੂੰ ਭੁਲੇਖੇ

ਦਾਣਾ ਪਾਣੀ ਰਹੇ ਕਿਉਂ ਦੂਰ ਘਰ ਇਹਨਾਂ ਤੋਂ
ਚੁੱਲਿਆਂ ਦੀ ਅੱਗ ਕਦੇ ਸੇਕ ਕਿਉਂ ਨਾ ਫੜੇ
ਹਰ ਦਿਨ ਹਰ ਵਾਰ ਰਹੇ ਘਰ ਚੋਂ ਕਲੇਸ਼
ਸੁੱਖ ਦਾ ਸਵੇਰਾ ਕਿਉਂ ਕਦੇ ਘਰ ਚੋਂ ਨਾ ਵੜੇ
ਲੱਗਦਾ ਆ ਕਦੇ ਕਦੇ ਰੱਬ ਲੁੱਕ ਲੁੱਕ ਵੇਖੇ
ਗਰੀਬਾਂ ਦੇ ਹਿੱਸੇ ਕੋਈ ਸੁੱਖ ਕਿਉਂ ਨਹੀਂ ਆਉਂਦੇ
ਜਾਂ ਸ਼ਾਇਦ ਪੈ ਗਏ ਨੇ ਰੱਬ ਨੂੰ ਭੁਲੇਖੇ

ਕੁੱਲੀਆਂ ਤੋਂ ਕੋਠਾ ਕਿਉਂ ਕਦੇ ਵੀ ਨਹੀਂ ਹੁੰਦਾ
ਮਿਹਨਤ ਦਾ ਮੁੱਲ ਪੈਂਦਾ ਕੌਡੀਆਂ ਦੇ ਭਾਅ
ਕੋਈ ਬਣੇ ਨਾ ਪ੍ਰਾਹੁਣਾ, ਕਿਉਂ ਮ੍ਹਾਤੜ ਗਰੀਬਾਂ ਦਾ
ਕਿਉਂ ਬੋਲੇ ਨਾ ਬਨੇਰੇ ਤੇ ਸੁਨੇਹਿਆਂ ਦਾ ਕਾਂ

ਨਸੀਬਾਂ ਨਾਲ ਵੈਰ ,ਮਾੜੇ ਕਿਸਮਤ ਦੇ ਨੇ ਲੇਖੇ
ਗਰੀਬਾਂ ਦੇ ਹਿੱਸੇ ਕੋਈ ਸੁੱਖ ਕਿਉਂ ਨਹੀਂ ਆਉਂਦੇ
ਜਾਂ ਸ਼ਾਇਦ ਪੈ ਗਏ ਨੇ ਰੱਬ ਨੂੰ ਭੁਲੇਖੇ